


ਸੱਚੀ ਅਤੇ ਨਿਰਪੱਖ ਵਿਚਾਰਧਾਰਾ

CEE7NEWS

Daily Digital Edition




Reg No: AAG1353 | Ludhiana, Saturday 27, February, 2026 | website: www.cee7news.com

# ਪਾਕਿਸਤਾਨ ਨੇ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਸਮੇਤ ਕੰਧਾਰ ਅਤੇ ਪਕਤੀਕਾ ਸੂਬਿਆਂ ਉੱਤੇ ਵੱਡੇ ਪੈਮਾਨੇ ਉੱਤੇ ਹਵਾਈ ਹਮਲੇ ਕੀਤੇ ਹਨ।

## ਪਾਕਿਸਤਾਨ ਵੱਲੋਂ ਅਫਗਾਨਿਸਤਾਨ ਉੱਤੇ ਹਵਾਈ ਹਮਲੇ: ਇੱਕ ਵਿਸਥਾਰਤ ਵਿਸ਼ਲੇਸ਼ਣ ਅਤੇ ਵੇਰਵੇ






ਪਾਕਿਸਤਾਨ ਨੇ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਸਮੇਤ ਕੰਧਾਰ ਅਤੇ ਪਕਤੀਕਾ ਸੂਬਿਆਂ ਉੱਤੇ ਵੱਡੇ ਪੈਮਾਨੇ ਉੱਤੇ ਹਵਾਈ ਹਮਲੇ ਕੀਤੇ ਹਨ। ਇਹ ਕਾਰਵਾਈ ਅਫਗਾਨ ਤਾਲਿਬਾਨ ਵੱਲੋਂ ਵੀਰਵਾਰ ਰਾਤ ਨੂੰ ਪਾਕਿਸਤਾਨੀ ਫੌਜੀ ਚੌਕੀਆਂ ਉੱਤੇ ਹਮਲੇ ਕਰਨ ਦੇ ਐਲਾਨ ਤੋਂ ਬਾਅਦ ਹੋਈ ਹੈ। ਪਾਕਿਸਤਾਨੀ ਹਵਾਈ ਸੈਨਾ ਨੇ ਕੁੱਲ 22 ਵੱਖ-ਵੱਖ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ, ਜਿਨ੍ਹਾਂ ਵਿੱਚ ਜ਼ਿਆਦਾਤਰ ਫੌਜੀ ਅਤੇ ਰਣਨੀਤਕ ਸਥਾਨ ਸ਼ਾਮਲ ਸਨ। ਕਾਬੁਲ ਵਿੱਚ ਧੂੰਏਂ ਦੇ ਬੱਦਲ ਉੱਠਦੇ ਦੇਖੇ ਗਏ ਅਤੇ ਵੀਡੀਓ ਵੈਰੀਫਿਕੇਸ਼ਨ ਰਾਹੀਂ ਰੋਡ ਲੇਆਉਟ, ਇਮਾਰਤਾਂ ਅਤੇ ਪਹਾੜਾਂ ਨੂੰ ਸੈਟੇਲਾਈਟ ਈਮੇਜਰੀ ਨਾਲ ਮੈਚ ਕਰਕੇ ਪੁਸ਼ਟੀ ਕੀਤੀ ਗਈ ਹੈ। ਇਹ ਆਪ੍ਰੇਸ਼ਨ ਜਾਰੀ ਹੈ ਅਤੇ ਕਈ ਇਲਾਕਿਆਂ ਵਿੱਚ ਧਮਾਕਿਆਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ।

ਪਾਕਿਸਤਾਨੀ ਫੌਜ ਦੇ ਬੁਲਾਰੇ ਨੇ ਦੱਸਿਆ ਕਿ ਹੁਣ ਤੱਕ ਅਫਗਾਨ ਤਾਲਿਬਾਨ ਸ਼ਾਸਨ ਦੇ 274 ਅਧਿਕਾਰੀ ਅਤੇ ਕਾਰਕੁਨ ਮਾਰੇ ਜਾ ਚੁੱਕੇ ਹਨ। ਪਾਕਿਸਤਾਨ ਨੇ ਆਪਣੇ 12 ਫੌਜੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਤਾਲਿਬਾਨ ਦੇ ਬੁਲਾਰੇ ਜ਼ਬੀਹੁੱਲਾ ਮੁਜਾਹਿਦ ਨੇ ਐਕਸ (ਪਹਿਲਾਂ ਟਵਿੱਟਰ) ਉੱਤੇ ਕਾਬੁਲ ਵਿੱਚ ਹਵਾਈ ਹਮਲਿਆਂ ਦੀ ਪੁਸ਼ਟੀ ਕੀਤੀ ਹੈ। ਪਾਕਿਸਤਾਨ ਦੇ ਜਾਣਕਾਰੀ ਅਤੇ ਪ੍ਰਸਾਰਣ ਮੰਤਰਾਲੇ ਨੇ 26 ਫਰਵਰੀ ਨੂੰ ਫੇਸਬੁੱਕ ਉੱਤੇ ਅਫਗਾਨਿਸਤਾਨ ਵਿੱਚ ਵੱਖ-ਵੱਖ ਟਿਕਾਣਿਆਂ ਉੱਤੇ ਹਮਲਿਆਂ ਦੀ ਘੋਸ਼ਣਾ ਕੀਤੀ ਸੀ। ਰੱਖਿਆ ਮੰਤਰੀ ਖਾਵਾਜਾ ਅਸੀਫ ਨੇ ਅਫਗਾਨ ਤਾਲਿਬਾਨ ਵਿਰੁੱਧ ਖੁੱਲ੍ਹੀ ਜੰਗ ਦਾ ਐਲਾਨ ਕੀਤਾ ਅਤੇ ਕਿਹਾ ਕਿ "ਸਾਡਾ ਸਬਰ ਦਾ ਪਿਆਲਾ ਭਰ ਗਿਆ ਹੈ, ਹੁਣ ਖੁੱਲ੍ਹੀ ਜੰਗ ਹੈ ਅਤੇ 'ਦਮਾ ਦਮ ਮਸਤ ਕਲੰਦਰ' ਵਾਲੀ ਸਥਿਤੀ ਆ ਗਈ ਹੈ।" ਪ੍ਰਧਾਨ ਮੰਤਰੀ ਸ਼ਹਬਾਜ਼ ਸ਼ਰੀਫ ਅਤੇ ਹੋਰ ਮੰਤਰੀਆਂ ਨੇ ਫੌਜੀ ਕਾਰਵਾਈ ਦੀ ਸ਼ਲਾਘਾ ਕੀਤੀ ਅਤੇ ਸਰਹੱਦੀ ਸੁਰੱਖਿਆ ਲਈ ਇਸ ਨੂੰ ਜ਼ਰੂਰੀ ਦੱਸਿਆ।

ਇਹ ਹਮਲੇ ਅਫਗਾਨ ਤਾਲਿਬਾਨ ਵੱਲੋਂ ਪਾਕਿਸਤਾਨੀ ਸਰਹੱਦੀ ਚੌਕੀਆਂ ਉੱਤੇ ਕੀਤੇ ਗਏ ਹਮਲਿਆਂ ਦਾ ਜਵਾਬ ਸਨ। ਪਾਕਿਸਤਾਨ ਦਾ ਦੋਸ਼ ਹੈ ਕਿ ਅਫਗਾਨਿਸਤਾਨ ਆਪਣੀ ਧਰਤੀ ਤੋਂ ਪਾਕਿਸਤਾਨ ਵਿਰੁੱਧ ਅੱਤਵਾਦੀ ਗਤੀਵਿਧੀਆਂ ਨੂੰ ਸਹਿਯੋਗ ਦੇ ਰਿਹਾ ਹੈ, ਖਾਸ ਕਰਕੇ ਟੀਟੀਪੀ (ਤਹਿਰੀਕ-ਏ-ਤਾਲਿਬਾਨ ਪਾਕਿਸਤਾਨ) ਨੂੰ ਸ਼ਰਨ ਦੇ ਕੇ। ਤਾਲਿਬਾਨ ਨੇ ਹਮਲਿਆਂ ਦੀ ਪੁਸ਼ਟੀ ਤਾਂ ਕੀਤੀ ਪਰ ਕਿਹਾ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਇਸ ਨੂੰ ਪਾਕਿਸਤਾਨੀ ਫੌਜ ਦੀ ਕਾਇਰਤਾ ਵਜੋਂ ਵੇਖਿਆ। ਅਫਗਾਨ ਸਾਈਡ ਤੋਂ ਪੂਰੇ ਨੁਕਸਾਨ ਦੇ ਅੰਕੜੇ ਅਜੇ ਸਾਹਮਣੇ ਨਹੀਂ ਆਏ ਹਨ।

ਇਹ ਸੰਘਰਸ਼ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰ ਲੰਮੇ ਸਮੇਂ ਤੋਂ ਚੱਲ ਰਹੇ ਤਣਾਅ ਦਾ ਨਤੀਜਾ ਹੈ। ਦੂਰਾਂਡ ਲਾਈਨ (ਸਰਹੱਦ) ਉੱਤੇ ਝੜਪਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ ਅਤੇ ਟੀਟੀਪੀ ਵਰਗੇ ਗਰੁੱਪਾਂ ਨੂੰ ਅਫਗਾਨਿਸਤਾਨ ਵਿੱਚ ਸੁਰੱਖਿਅਤ ਥਾਵਾਂ ਮਿਲਣ ਦੇ ਦੋਸ਼ ਲੱਗਦੇ ਰਹਿੰਦੇ ਹਨ। ਪਾਕਿਸਤਾਨ ਨੇ ਕਈ ਵਾਰ ਅਫਗਾਨ ਤਾਲਿਬਾਨ ਨੂੰ ਚੇਤਾਵਨੀ ਦਿੱਤੀ ਸੀ ਕਿ ਉਹ ਆਪਣੀ ਧਰਤੀ ਤੋਂ ਅੱਤਵਾਦ ਨੂੰ ਰੋਕਣ, ਪਰ ਤਾਲਿਬਾਨ ਨੇ ਇਸ ਨੂੰ ਪਾਕਿਸਤਾਨ ਦਾ ਅੰਦਰੂਨੀ ਮਾਮਲਾ ਦੱਸ ਕੇ ਖਾਰਜ ਕੀਤਾ। ਹਾਲ ਹੀ ਵਿੱਚ ਹੋਏ ਕਈ ਹਮਲਿਆਂ, ਜਿਵੇਂ ਬੰਨੂ ਅਤੇ ਹੋਰ ਇਲਾਕਿਆਂ ਵਿੱਚ ਆਤਮਘਾਤੀ ਧਮਾਕੇ, ਨੇ ਪਾਕਿਸਤਾਨ ਨੂੰ ਸਖ਼ਤ ਕਾਰਵਾਈ ਲਈ ਮਜਬੂਰ ਕੀਤਾ।

ਅੰਤਰਰਾਸ਼ਟਰੀ ਪੱਧਰ ਉੱਤੇ ਵੀ ਚਿੰਤਾ ਵਧ ਗਈ ਹੈ। ਸੰਯੁਕਤ ਰਾਸ਼ਟਰ, ਚੀਨ, ਇਰਾਨ, ਤੁਰਕੀ ਅਤੇ ਸਾਊਦੀ ਅਰਬ ਨੇ ਸੀਸਫਾਇਰ ਅਤੇ ਸੰਜਮ ਦੀ ਅਪੀਲ ਕੀਤੀ ਹੈ। ਇਰਾਨ ਨੇ ਵਿਚੋਲਗੀ ਦੀ ਪੇਸ਼ਕਸ਼ ਕੀਤੀ ਅਤੇ ਚੀਨ ਨੇ ਗੱਲਬਾਤ ਰਾਹੀਂ ਮਸਲੇ ਨੂੰ ਹੱਲ ਕਰਨ ਉੱਤੇ ਜ਼ੋਰ ਦਿੱਤਾ। ਮਾਹਿਰਾਂ ਦਾ ਮੰਨਣਾ ਹੈ ਕਿ ਪਾਕਿਸਤਾਨ ਤਾਲਿਬਾਨ ਨੂੰ ਸਜ਼ਾ ਦੇਣਾ ਚਾਹੁੰਦਾ ਹੈ ਪਰ ਪੂਰੀ ਜੰਗ ਸ਼ੁਰੂ ਕਰਨਾ ਮੁਸ਼ਕਲ ਹੈ ਕਿਉਂਕਿ ਪਾਕਿਸਤਾਨ ਕੋਲ ਪਰਮਾਣੂ ਹਥਿਆਰ ਅਤੇ ਵੱਡੀ ਫੌਜ ਹੈ। ਤਾਲਿਬਾਨ ਲਈ ਵੀ ਸਿੱਧੀ ਜੰਗ ਚੁਣੌਤੀਪੂਰਨ ਹੈ।

ਇਹ ਘਟਨਾ ਦੱਖਣੀ ਏਸ਼ੀਆ ਵਿੱਚ ਸੁਰੱਖਿਆ ਸਥਿਤੀ ਨੂੰ ਵਧੇਰੇ ਨਾਜ਼ੁਕ ਬਣਾ ਰਹੀ ਹੈ। ਪਾਕਿਸਤਾਨ ਦਾ ਕਹਿਣਾ ਹੈ ਕਿ ਉਹ ਆਪਣੇ ਨਾਗਰਿਕਾਂ ਅਤੇ ਸਰਹੱਦੀ ਇਲਾਕਿਆਂ ਦੀ ਰੱਖਿਆ ਲਈ ਜ਼ਰੂਰੀ ਕਦਮ ਚੁੱਕ ਰਿਹਾ ਹੈ, ਜਦਕਿ ਅਫਗਾਨਿਸਤਾਨ ਇਸ ਨੂੰ ਸਰਵਭੌਮਤਾ ਦੀ ਉਲੰਘਣਾ ਮੰਨਦਾ ਹੈ। ਭਵਿੱਖ ਵਿੱਚ ਗੱਲਬਾਤ ਜਾਂ ਹੋਰ ਤਣਾਅ ਵਧਣਾ ਦੋਵਾਂ ਦੇਸ਼ਾਂ ਅਤੇ ਖੇਤਰ ਲਈ ਮਹੱਤਵਪੂਰਨ ਹੋਵੇਗਾ। (

# Cee7 NEWS ਦਿੱਲੀ ਸ਼ਰਾਬ ਨੀਤੀ ਘੋਟਾਲਾ ਮਾਮਲੇ ਵਿੱਚ ਇੱਕ ਵੱਡਾ ਵਿਕਾਸ ਹੋਇਆ ਹੈ।

## ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਦਿੱਲੀ ਦੀ ਇੱਕ ਹੇਠਲੀ ਅਦਾਲਤ ਵੱਲੋਂ ਦਿੱਤੇ ਗਏ ਫੈਸਲੇ ਨੂੰ ਦਿੱਲੀ ਹਾਈ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਹੈ।

ਦਿੱਲੀ ਸ਼ਰਾਬ ਨੀਤੀ ਘੋਟਾਲਾ ਮਾਮਲੇ ਵਿੱਚ ਇੱਕ ਵੱਡਾ ਵਿਕਾਸ ਹੋਇਆ ਹੈ। ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਦਿੱਲੀ ਦੀ ਇੱਕ ਹੇਠਲੀ ਅਦਾਲਤ ਵੱਲੋਂ ਦਿੱਤੇ ਗਏ ਫੈਸਲੇ ਨੂੰ ਦਿੱਲੀ ਹਾਈ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਹੈ। ਇਸ ਫੈਸਲੇ ਵਿੱਚ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਹੋਰ 21 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਸੀ। ਇਹ ਖ਼ਬਰ ਪੰਜਾਬੀ ਟ੍ਰਿਬਿਊਨ ਵਿੱਚ ਛਪੀ ਹੈ ਅਤੇ ਇਸ ਨੇ ਰਾਜਨੀਤਿਕ ਗਲਿਆਰਿਆਂ ਵਿੱਚ ਹਲਚਲ ਮਚਾ ਦਿੱਤੀ ਹੈ।

ਦਿੱਲੀ ਰਾਊਜ਼ ਐਵੇਨਿਊ ਅਦਾਲਤ ਦੇ ਵਿਸ਼ੇਸ਼ ਜੱਜ ਜਤਿੰਦਰ ਸਿੰਘ ਨੇ ਸ਼ੁੱਕਰਵਾਰ ਨੂੰ ਆਪਣੇ ਫੈਸਲੇ ਵਿੱਚ ਸਪੱਸ਼ਟ ਕਿਹਾ ਸੀ ਕਿ ਸੀਬੀਆਈ ਵੱਲੋਂ ਪੇਸ਼ ਕੀਤੇ ਗਏ ਸਬੂਤ ਅਧੂਰੇ ਅਤੇ ਅੰਦਾਜ਼ੇ ’ਤੇ ਅਧਾਰਤ ਸਨ। ਅਦਾਲਤ ਨੇ ਕਿਹਾ ਕਿ ਆਬਕਾਰੀ ਨੀਤੀ ਬਣਾਉਣ ਵਿੱਚ ਕੋਈ ਅਪਰਾਧਿਕ ਸਾਜ਼ਿਸ਼ ਜਾਂ ਗਲਤ ਇਰਾਦਾ ਸਾਬਤ ਨਹੀਂ ਹੋਇਆ। ਜੱਜ ਨੇ ਸੀਬੀਆਈ ਦੀ ਜਾਂਚ ’ਤੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਏਜੰਸੀ ਨੇ ਮੁਲਜ਼ਮਾਂ ਵਿਰੁੱਧ ਕੋਈ ਪੁਖਤਾ ਸਬੂਤ ਨਹੀਂ ਪੇਸ਼ ਕੀਤੇ। ਇਸ ਕਾਰਨ ਅਦਾਲਤ ਨੇ ਸੀਬੀਆਈ ਦੀ ਚਾਰਜਸ਼ੀਟ ’ਤੇ ਕਾਇਮ ਨਹੀਂ ਰਹੀ ਅਤੇ ਸਾਰੇ 23 ਮੁਲਜ਼ਮਾਂ ਨੂੰ ਡਿਸਚਾਰਜ ਕਰ ਦਿੱਤਾ। ਇਸ ਵਿੱਚ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਤੋਂ ਇਲਾਵਾ ਬੀਆਰਐਸ ਆਗੂ ਕੇ. ਕਵਿਤਾ, ਬਿਜੇ ਨਾਇਰ, ਦੁਰਗੇਸ਼ ਪਾਠਕ ਵਰਗੇ ਨਾਂ ਵੀ ਸ਼ਾਮਲ ਸਨ।

ਇਹ ਮਾਮਲਾ 2022 ਵਿੱਚ ਸ਼ੁਰੂ ਹੋਇਆ ਸੀ ਜਦੋਂ ਦਿੱਲੀ ਦੇ ਤਤਕਾਲੀ ਲੈਫਟੀਨੈਂਟ ਗਵਰਨਰ ਵੀ.ਕੇ. ਸਕਸੈਨਾ ਨੇ ਸ਼ਿਕਾਇਤ ਦਰਜ ਕਰਵਾਈ ਸੀ। ਦੋਸ਼ ਸੀ ਕਿ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਲਿਆਂਦੀ ਗਈ ਨਵੀਂ ਆਬਕਾਰੀ ਨੀਤੀ ਰਾਹੀਂ ਕੁਝ ਚੋਣਵੇਂ ਵਪਾਰੀਆਂ ਅਤੇ ਕਾਰਟੇਲ ਨੂੰ ਫਾਇਦਾ ਪਹੁੰਚਾਇਆ ਗਿਆ। ਨੀਤੀ ਵਿੱਚ ਲਾਇਸੈਂਸ ਬਣਾਉਣ, ਰਿਟੇਲ ਜ਼ੋਨ ਅਤੇ ਹੋਰ ਨਿਯਮਾਂ ਵਿੱਚ ਬਦਲਾਅ ਕਰਕੇ ਭ੍ਰਿਸ਼ਟਾਚਾਰ ਵਧਾਇਆ ਗਿਆ ਅਤੇ ਵੱਡੀ ਰਕਮ ਦੀ ਰਿਸ਼ਵਤਖੋਰੀ ਹੋਈ। ਸੀਬੀਆਈ ਨੇ ਇਸ ਮਾਮਲੇ ਵਿੱਚ ਕੇਜਰੀਵਾਲ ਨੂੰ ‘ਕਿੰਗਪਿਨ’ ਦੱਸਿਆ ਸੀ ਅਤੇ ਮਨੀਸ਼ ਸਿਸੋਦੀਆ ਨੂੰ ਵੀ ਮੁੱਖ ਸਾਜ਼ਿਸ਼ਕਰਤਾ ਮੰਨਿਆ ਸੀ। ਇਸ ਕੇਸ ਵਿੱਚ ਕਈ ਗ੍ਰਿਫਤਾਰੀਆਂ ਹੋਈਆਂ ਸਨ ਅਤੇ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰਹਿਣ ਤੋਂ ਬਾਅਦ ਬੇਲ ਮਿਲੀ ਸੀ।

ਪਰ ਅਦਾਲਤ ਨੇ ਹੁਣ ਇਹ ਸਭ ਦੋਸ਼ ਰੱਦ ਕਰ ਦਿੱਤੇ ਹਨ। ਜੱਜ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਜਾਂਚ ਵਿੱਚ ਅੰਦਰੂਨੀ ਵਿਰੋਧਾਭਾਸ ਸਨ ਅਤੇ ਸਬੂਤਾਂ ਵਿੱਚ ਕਮੀ ਸੀ। ਸੀਬੀਆਈ ਵੱਲੋਂ ਪੇਸ਼ ਕੀਤੀ ਚਾਰਜਸ਼ੀਟ ਵਿੱਚ ਬਹੁਤ ਸਾਰੀਆਂ ਗੱਲਾਂ ਸਿਰਫ਼ ਅਨੁਮਾਨ ’ਤੇ ਅਧਾਰਤ ਸਨ ਅਤੇ ਗਵਾਹਾਂ ਦੇ ਬਿਆਨ ਜਾਂ ਹੋਰ ਠੋਸ ਮੱਦਾਂ ਨਾਲ ਸਮਰਥਨ ਨਹੀਂ ਮਿਲਿਆ। ਇਸ ਫੈਸਲੇ ਨਾਲ ਆਮ ਆਦਮੀ ਪਾਰਟੀ ਨੂੰ ਵੱਡੀ ਰਾਹਤ ਮਿਲੀ ਹੈ। ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨੇ ਇਸ ਨੂੰ ਸੱਚਾਈ ਦੀ ਜਿੱਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਦਰਸਾਉਂਦਾ ਹੈ ਕਿ ਰਾਜਨੀਤਿਕ ਬਦਲੇ ਲੈਣ ਲਈ ਜਾਂਚ ਏਜੰਸੀਆਂ ਦੀ ਵਰਤੋਂ ਕੀਤੀ ਗਈ ਸੀ ਪਰ ਅਦਾਲਤ ਨੇ ਨਿਰਪੱਖਤਾ ਨਾਲ ਫੈਸਲਾ ਸੁਣਾਇਆ।

ਦੂਜੇ ਪਾਸੇ ਸੀਬੀਆਈ ਨੂੰ ਇਸ ਫੈਸਲੇ ਤੋਂ ਝਟਕਾ ਲੱਗਾ ਹੈ। ਏਜੰਸੀ ਦੇ ਸੂਤਰਾਂ ਅਨੁਸਾਰ ਉਨ੍ਹਾਂ ਨੇ ਤੁਰੰਤ ਹੀ ਦਿੱਲੀ ਹਾਈ ਕੋਰਟ ਵਿੱਚ ਅਪੀਲ ਦਾਇਰ ਕਰ ਦਿੱਤੀ ਹੈ। ਸੀਬੀਆਈ ਦਾ ਕਹਿਣਾ ਹੈ ਕਿ ਹੇਠਲੀ ਅਦਾਲਤ ਨੇ ਜਾਂਚ ਦੇ ਕਈ ਮਹੱਤਵਪੂਰਨ ਪਹਿਲੂਆਂ ਨੂੰ ਨਜ਼ਰਅੰਦਾਜ਼ ਕੀਤਾ ਜਾਂ ਉਨ੍ਹਾਂ ਨੂੰ ਠੀਕ ਤਰ੍ਹਾਂ ਵਿਚਾਰ ਨਹੀਂ ਕੀਤਾ। ਏਜੰਸੀ ਆਪਣੇ ਸਬੂਤਾਂ ਨੂੰ ਹਾਈ ਕੋਰਟ ਵਿੱਚ ਮਜ਼ਬੂਤੀ ਨਾਲ ਪੇਸ਼ ਕਰੇਗੀ ਅਤੇ ਫੈਸਲੇ ਨੂੰ ਬਦਲਣ ਦੀ ਕੋਸ਼ਿਸ਼ ਕਰੇਗੀ। ਇਸ ਅਪੀਲ ਨਾਲ ਮਾਮਲਾ ਹੋਰ ਲੰਮਾ ਖਿੱਚ ਸਕਦਾ ਹੈ ਅਤੇ ਅਗਲੀਆਂ ਸੁਣਵਾਈਆਂ ਵਿੱਚ ਨਵੇਂ ਵਿਕਾਸ ਹੋ ਸਕਦੇ ਹਨ।

ਇਹ ਪੂਰਾ ਕੇਸ ਦਿੱਲੀ ਦੀ ਰਾਜਨੀਤੀ ਲਈ ਬਹੁਤ ਅਹਿਮ ਰਿਹਾ ਹੈ।




ਇਸ ਨੇ ਭ੍ਰਿਸ਼ਟਾਚਾਰ ਵਿਰੋਧੀ ਰਾਜਨੀਤੀ ਦੇ ਨਾਂ ’ਤੇ ਚੱਲ ਰਹੀ ਆਮ ਆਦਮੀ ਪਾਰਟੀ ’ਤੇ ਸਵਾਲ ਉਠਾਏ ਸਨ। ਇਸ ਤੋਂ ਇਲਾਵਾ ਇਸ ਨੇ ਕੇਂਦਰੀ ਏਜੰਸੀਆਂ ਦੀ ਨਿਰਪੱਖਤਾ ’ਤੇ ਵੀ ਚਰਚਾ ਛੇੜ ਦਿੱਤੀ। ਅਦਾਲਤ ਦਾ ਫੈਸਲਾ ਦਰਸਾਉਂਦਾ ਹੈ ਕਿ ਜਾਂਚ ਵਿੱਚ ਠੋਸ ਸਬੂਤਾਂ ਦੀ ਘਾਟ ਸੀ ਅਤੇ ਬਿਨਾਂ ਪੁਖਤਾ ਮੱਦਾਂ ਦੇ ਮੁਲਜ਼ਮਾਂ ਨੂੰ ਲੰਮੇ ਸਮੇਂ ਤੱਕ ਜੇਲ੍ਹ ਵਿੱਚ ਰੱਖਿਆ ਗਿਆ। ਹੁਣ ਹਾਈ ਕੋਰਟ ਵਿੱਚ ਅਪੀਲ ਨਾਲ ਇਹ ਮਾਮਲਾ ਫਿਰ ਤੋਂ ਗਰਮ ਹੋ ਸਕਦਾ ਹੈ।

ਇਸ ਘਟਨਾ ਨੇ ਭਾਰਤੀ ਰਾਜਨੀਤੀ ਵਿੱਚ ਜਾਂਚ ਏਜੰਸੀਆਂ ਅਤੇ ਅਦਾਲਤਾਂ ਦੀ ਭੂਮਿਕਾ ’ਤੇ ਵੀ ਚਾਨਣਾ ਪਾਇਆ ਹੈ। ਬਹੁਤ ਸਾਰੇ ਲੋਕ ਇਸ ਨੂੰ ਰਾਜਨੀਤਿਕ ਸਾਜ਼ਿਸ਼ ਦੱਸ ਰਹੇ ਹਨ ਜਦਕਿ ਦੂਸਰੇ ਮੰਨਦੇ ਹਨ ਕਿ ਜਾਂਚ ਵਿੱਚ ਕਮੀਆਂ ਸਨ ਜਿਨ੍ਹਾਂ ਕਾਰਨ ਅਦਾਲਤ ਨੇ ਫੈਸਲਾ ਸੁਣਾਇਆ। ਭਵਿੱਖ ਵਿੱਚ ਹਾਈ ਕੋਰਟ ਦਾ ਫੈਸਲਾ ਇਸ ਮਾਮਲੇ ਦੀ ਅੰਤਿਮ ਦਿਸ਼ਾ ਤੈਅ ਕਰੇਗਾ। ਇਸ ਸਮੇਂ ਤੱਕ ਇਹ ਸਪੱਸ਼ਟ ਹੈ ਕਿ ਦਿੱਲੀ ਸ਼ਰਾਬ ਨੀਤੀ ਘੋਟਾਲਾ ਅਜੇ ਵੀ ਖਤਮ ਨਹੀਂ ਹੋਇਆ ਅਤੇ ਇਸ ਦੇ ਨਤੀਜੇ ਰਾਜਨੀਤਿਕ ਤੌਰ ’ਤੇ ਵੱਡੇ ਹੋ ਸਕਦੇ ਹਨ।

## ਹਕੀਕੀ ਕਾਵਿ /ਜਨਤਾ ਹੋਈ ਸਿਆਣੀ"



ਅੱਜ-ਕੱਲ੍ਹ ਜੋੜ ਤੋੜ ਦਾ ਦੌਰ ਹੈ ਸ਼ੁਰੂ ਹੋਇਆ,
ਸਿਆਸੀ ਦਾਅ ਪੇਚ ਨੇ ਵੇਖੋ ਲਾਉਣ ਲੱਗੇ।
ਭਾਈ ਭਰਮਾ ਭਰਮਾ ਕੇ ਅਜੋਕੇ ਵੋਟਰਾਂ ਨੂੰ,
ਸਬਜ਼ਬਾਗ ਇਹ ਨਵੇਂ ਤੋਂ ਨਵੇਂ ਵਿਖਾਉਣ ਲੱਗੇ।
ਚਲਦੀਆਂ ਸਕੀਮਾਂ ਵਿੱਚ ਵਾਧਾ ਕਰ ਕਰ ਕੇ,
ਸ਼ਰੇਆਮ ਚਲਾਕ ਲੋਕਾਂ ਨੂੰ ਬੁੱਧੂ ਬਣਾਉਣ ਲੱਗੇ।
ਵਾਹ ਸਿਆਸਤਦਾਨੋਂ ਸਦਕੇ ਜਾਈਏ ਤੁਹਾਡੇ,
ਤੁਸੀਂ ਕੀ ਕੀ ਨਵੇਂ ਹੀ ਗੁੱਲ ਖਿਲਾਉਣ ਲੱਗੇ।
ਫੋਕੀ ਚੌਧਰ ਤੇ ਫੋਕੀ ਸ਼ੋਹਰਤ ਵਧਾਉਣ ਦੇ ਲਈ,
ਨਵੀਆਂ ਗੋਟੀਆਂ ਫਸਾ ਭਰਮਾਉਣ ਲੱਗੇ।
ਤੁਹਾਨੂੰ ਵਿਕਾਸ ਤੇ ਲੁਕਾਈ ਦਾ ਫਿਕਰ ਨਾਹੀਂ,
ਰੁਤਬਾ ਆਪਣਾ ਜੱਗ ਵਿੱਚ ਚਮਕਾਉਣ ਲੱਗੇ।
ਪਰ ਜਨਤਾ ਹੋਈ ਸਿਆਣੀ ਹੁਣ ਹੈ ਜਾਗ ਉੱਠੀ,
ਝੁੰਸਿਆਂ ਤੁਹਾਡਿਆਂ ਵਿੱਚ ਕਦੇ ਆਏਗੀ ਨਹੀਂ।
ਚੰਗਿਆਂ ਬੰਦਿਆਂ ਨੂੰ ਅੱਗੇ ਲਿਆਏਗੀ ਇਹ,
ਫੋਕੇ ਲਾਰਿਆਂ ਨੂੰ ਵੋਟਾਂ ਇਹ ਪਾਏਗੀ ਨਹੀਂ।
ਦਾਅਵੇ ਵਾਅਦੇ ਪਗਾਉਂਦਾ ਹੈ ਕੌਣ ਇਥੇ?
ਤੁਹਾਡੇ ਬੋਲਾਂ ਨੂੰ ਜਨਤਾ ਪੁਗਾਏਗੀ ਨਹੀਂ।
ਨਫੇ ਨੁਕਸਾਨ ਦਾ ਹੁਣ ਜਨਤਾ ਨੂੰ ਇਲਮ ਸਾਰਾ,
ਦਲ ਬਦਲੂਆਂ ਨੂੰ ਮੂੰਹ ਇਹ ਲਾਏਗੀ ਨਹੀਂ।

ਜਸਵੀਰ ਸ਼ਰਮਾ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

## ਸੋਚ ਕੇ ਦੇਖੀਏ ਜੈ ਕਿੱਧਰੇ ਇਹ ਸੀਨ ਸਾਡੇ ਘਰ ਹੋਇਆ ਹੋਵੇ ਤਾਂ



ਸਾਰਾ ਪਿੰਡ ਇਸ ਵੀਰ ਦੀ ਗਵਾਹੀ ਭਰਦਾ ਆ ਕੇ ਇਹ ਮੁੰਡਾ ਬਹੁਤ ਸਿਆਣਾ ਤੇ ਸਮਝਦਾਰ ਸੀ,ਉਸਦੀ ਇਕ ਛੋਟੀ ਜਿਹੀ ਉਦਾਹਰਣ ਇਸ ਮਾਂ ਨੇ ਵੀ ਦਿੱਤੀ ਕਹਿੰਦੀ ਜਦੋਂ ਇਹ ਮੇਰੇ ਘਰ ਆਏ ਤਾਂ ਕਹਿੰਦੇ ਰਣਜੀਤ ਤੋਂ ਕੋਈ ਪੁੱਛ ਗਿੱਛ ਕਰਨੀ ਆਂ ਤਾਂ ਮੈ ਇਸਨੂੰ ਅਵਾਜ ਮਾਰੀ ਇਹ ਅੰਦਰੋਂ ਬਾਹਰ ਆਇਆ,ਕਹਿੰਦੀ ਇਹਨੇ ਸਾਰਿਆਂ ਨੂੰ ਸਤਿ ਸ਼੍ਰੀ ਅਕਾਲ ਬੁਲਾਈ ਤੇ ਪੈਰੀ ਹੱਥ ਲਾਏ,ਪੁੱਛ ਗਿੱਛ ਕਰਕੇ ਜਦੋਂ ਲੈ ਕੇ ਜਾ ਰਹੇ ਸੀ ਤਾਂ ਮੇਰਾ ਪੁੱਤ ਬਾਹਰ ਵਾਲੇ ਬੂਹੇ ਤੱਕ ਜਦੋਂ ਤੱਕ ਅੱਖੋਂ ਉਹਲੇ ਨੀ ਹੋ ਗਿਆ ਉਦੋਂ ਤੱਕ ਮੇਰੇ ਵੱਲ ਦੇਖਦਾ ਰਿਹਾ,ਪਤਾ ਨੀ ਮੇਰੇ ਲਾਲ ਦੇ ਦਿਮਾਗ ਚ ਕੀ ਚੱਲ ਰਿਹਾ ਸੀ,ਇਨਾ ਕਹਿ ਕੇ ਮਾਂ ਵਿਚਾਰੀ ਇਮੋਸ਼ਨਲ ਹੋਗੀ,ਦੇਖਿਆ ਨੀ ਜਾਂਦਾ ਸੀ ਮਾਂ ਵੱਲ,ਇੱਕੋ ਗੱਲ ਵਾਰ ਵਾਰ ਕਹੀ ਜਾਂਦੀ ਸੀ ਕਿ ਮੇਰਾ ਤਾਂ ਗਿਆ ਚਲਾ ਤੁਸੀਂ ਆਪਣੇ ਬਚਾਲੋ,ਬਾਕੀ ਇਹਨਾਂ ਛੋਟੇ ਵੀਰ ਨੂੰ ਪੈਰੀ ਹੱਥ ਲਾਉਣ ਦਾ ਇਨਾਮ ਬਹੁਤ ਵਧੀਆ ਦਿੱਤਾ
(ਰਮਨਦੀਪ ਕੌਰ)

## ਸਮਾਨ ਪੈਕ ਹੋ ਰਿਹਾ, ਸਾਡੇ ਬੱਚੇ 12th ਅਤੇ 10th ਵਿੱਚ ਹਨ



ਸਮਾਨ ਪੈਕ ਹੋ ਰਿਹਾ, ਸਾਡੇ ਬੱਚੇ 12th ਅਤੇ 10th ਵਿੱਚ ਹਨ। ਅਸੀਂ ਕਿਰਾਏ ਦੇ ਘਰ ਵਿੱਚ ਹੋ ਗਏ ਹਾਂ। ਸੱਚ ਜਾਣਿਓ ਅਸੀਂ ਆਪਣੇ ਬੱਚਿਆਂ ਦੇ ਕਹਿਣ ਤੇ 30 ਸਾਲ ਕੈਨੇਡਾ ਰਹਿਣ ਦੇ ਬਾਅਦ ਪੱਕੇ ਤੌਰ ਤੇ ਪੰਜਾਬ ਆ ਰਹੇ। ਸਾਡੇ ਨਾਲ ਦੋ ਪਰਿਵਾਰ ਹੋਰ ਵੀ। ਇੱਥੇ ਆ ਕੇ ਅਸੀਂ ਖੇਤੀਬਾੜੀ ਕਰਾਂਗੇ। ਮੇਰਾ ਬੇਟਾ ਵੀ ਇਹੀ ਕਰਨਾ ਚਾਹੁੰਦਾ।

ਜੇ ਤੁਸੀਂ ਆਪਣੇ ਬੱਚਿਆਂ ਨੂੰ ਪੰਜਾਬ ਤੋਂ ਅਲੱਗ ਕਰਤਾ.. ਇੱਕ ਦਿਨ ਲੱਭਦੇ ਪੰਜਾਬ ਆਉਣਗੇ .. ਕਿਹੜੀ ਧਰਤੀ ਦੇ ਜਾਏ ਹਾਂ .. ਉਹਨਾਂ ਦਾ ਰੰਗ ਰੂਪ, ਕੱਦ ਕਾਠ, ਹਾਵ ਭਾਵ, ਬੋਲੀ ਕਿੱਥੇ ਜੁੜੇ ਹਨ.. ਉਹ ਲੱਭਣ ਆਉਣਗੇ। ਮਾੜੀ ਗੱਲ ਇਹ ਹੈ.. ਜਦ ਰਹਿਣ ਨੂੰ ਆਪਣੇ ਪੰਜਾਬੀ ਕੋਲ ਆਪਣੀ ਧਰਤੀ ਤੇ ਥਾਂ ਨਾ ਹੋਈ .. ਤੇ ਕੀ ਕਰਣਗੇ? ਆਪਣੀ ਖ਼ੁਦ ਦੀ ਪਹਿਚਾਣ ਵਾਲੀ ਧਰਤੀ ਤੇ ਓਪਰੇ ਜਿਉਣਗੇ। ਮੈਂ ਸਿਰਫ਼ 1% ਐਸੇ ਬੱਚਿਆਂ ਦੀ ਗੱਲ ਕਰ ਰਹੀ ਹਾਂ ਜਿਹੜੇ ਆਪਣੀ ਸਮਝ ਨਾਲ ਸਾਡੇ ਕੋਲ ਵਾਪਸ ਆਉਣਗੇ।

ਮੈਂ ਜਲਦ ਇੱਕ ਇੰਟਰਵਿਊ ਕਰਨ ਵਾਲੀ ਹਾਂ ਜਿਸ ਵਿੱਚ ਕੈਨੇਡਾ ਦਾ ਜੰਮਪਲ, 30 ਸਾਲ ਬਾਅਦ ਪੱਕੇ ਤੌਰ ਤੇ ਪੰਜਾਬ ਆ ਗਿਆ ... ਇੱਥੇ ਕੰਮ ਕਰ ਰਿਹਾ ਇੱਥੇ ਰਹਿ ਰਿਹਾ। ਉਸ ਨੂੰ ਲੱਗਦਾ ਪੰਜਾਬ ਵਿੱਚ ਰਹਿਣ ਵਾਲੇ ਪੰਜਾਬੀਆਂ ਵਿੱਚ ਮੈਂ ਓਪਰਾ ਨਹੀਂ ਮਹਿਸੂਸ ਕਰਦਾ। ਰੰਗ ਰੂਪ, ਬੋਲੀ ਵਿੱਚ, ਸਾਰੇ ਮੇਰੇ ਵਰਗੇ ਮੇਰੇ ਆਲੇ ਦੁਆਲੇ ਮਹਿਸੂਸ ਹੁੰਦਾ। ਵਤਨ ਵਾਪਸੀ ਦੀ ਸਫ਼ਲ ਉਦਾਹਰਣ ਹੈ ਉਹ। ਉਸ ਦੇ ਪਿਤਾ ਦੀ ਬਹੁਤ ਪਹਿਲਾਂ ਮੌਤ ਹੋ ਗਈ ਸੀ ਜਦ ਉਹ ਛੋਟਾ ਸੀ।

"Reverse Migration - ਵਤਨ ਵਾਪਸੀ", ਇੱਕ ਅਹਿਮ ਮੁੱਦਾ ਹੈ ਜੋ ਮੇਰੇ ਅਹਿਸਾਸਾਂ ਵਿੱਚੋਂ ਉਪਜਿਆ ਹੈ। ਮੈਂ ਇਸ ਤੇ ਲਗਾਤਾਰ ਜਾਗਰੂਕ ਕਰ ਰਹੀ ਹਾਂ ਅਤੇ ਕਰਦੀ ਰਹਾਂਗੀ। ਤੁਸੀਂ ਵੀ ਆਪਣੇ ਵਿਚਾਰ ਰੱਖ ਕੇ ਇਸ ਮੁਹਿੰਮ ਦਾ ਜ਼ਰੂਰ ਹਿੱਸਾ ਬਣੋ। ਇਸ ਮੁਹਿੰਮ ਦਾ ਮਕਸਦ ਕਿਸੇ ਨੂੰ ਵਾਪਿਸ ਬੁਲਾਉਣਾ ਨਹੀਂ, ਬਲਕਿ "ਵਤਨ ਵਾਪਸੀ" ਦੀ ਸਿਰਫ਼ ਅਪੀਲ ਕਰਨਾ ਹੈ ਅਤੇ ਪੱਕੇ ਤੌਰ ਤੇ ਪੰਜਾਬ ਨੂੰ ਛੱਡ ਕੇ ਜਾਣ ਤੇ ਰੋਕ ਲਾਉਣਾ ਹੈ।

- ਮਨਦੀਪ ਕੌਰ ਟਾਂਗਰਾ
84278 81005

# ਦਾਜ ਲੈਣ-ਦੇਣ ਤੇ ਇਸਦੇ ਕੁੱਝ ਪਹਿਲੂ



ਸਦੀਆਂ ਪਹਿਲਾਂ ਜਦੋਂ ਮਨੁੱਖ ਜੰਗਲੀ ਜੀਵਨ ਤੋਂ ਨਿਕਲ ਕੇ ਪਰਿਵਾਰ ਕਬੀਲਾ ਪਿੰਡ ਸ਼ਹਿਰ ਤੇ ਫਿਰ ਰਾਜ ਵਿਵਸਥਾ ਤੱਕ ਪੁੱਜਾ ਤੇ ਇਸ ਦੇ ਨਾਲ ਹੀ ਜੰਗਲੀ ਜੀਵਾਂ ਵਾਂਗ ਆਪਣੇ ਸੰਬੰਧਾਂ ਨੂੰ ਵੀ ਸਮਾਜਿਕ ਨਿਯਮਾਂ ਦੇ ਘੇਰੇ ਵਿੱਚ ਲਿਆ ਕੇ ਮਰਿਆਦਾ ਅਨੁਸਾਰ ਇੱਕ ਰਸ ਬਣਾ ਲਿਆ ਖੁਦ ਜੀਵਨ ਸਾਥੀ ਨੂੰ ਅਪਣਾਉਣਾ ਤੇ ਲਿਆਉਣਾ ਤੋਂ ਅੱਗੇ ਲੰਘ ਕੇ ਪਰਿਵਾਰ ਦੇ ਕਬੀਲੇ ਦੇ ਮੁਖੀ ਦੀ ਸਹਿਮਤੀ ਤੇ ਪ੍ਰਵਾਨਗੀ ਤੱਕ ਦੇ ਢੰਗ ਤੱਕ ਪਹੁੰਚ ਕੇ ਪੂਰੇ ਪਰਿਵਾਰ ਵੱਲੋਂ ਇਕੱਠੇ ਹੋ ਕੇ ਲੜਕੀ ਵਿਦਾ ਕਰਨ ਦੀ ਰਸਮ ਬਣੀ ਜੋ ਸਮੇਂ ਨਾਲ ਅੱਗੇ ਵਧ ਕੇ ਵਿਆਹ ਦੀ ਰਸਮ ਬਣ ਗਈ।

ਵੱਡੇ ਸ਼ਕਤੀਸ਼ਾਲੀ ਕਬੀਲਿਆਂ ਤੋਂ ਰਾਜ ਦੀ ਵਿਵਸਥਾ ਬਣਨ ਤੋਂ ਇਹ ਘਰਾਣੇ ਆਪਣੀ ਬੇਟੀ ਦਾ ਸਵੰਬਰ ਰਚਾਉਂਦੇ ਸੀ ਭਾਵ ਇਹ ਕਿ ਸ਼ਾਦੀ ਕਰਵਾਉਣ ਦੇ ਇੱਛਕ ਸਭਾ ਵਿੱਚ ਆਏ ਯੁਵਕਾਂ ਵਿੱਚੋਂ ਲੜਕੀ ਆਪਣਾ ਵਰ ਖੁਦ ਚੁਣਦੀ ਸੀ। ਇਸ ਤਰ੍ਹਾਂ ਪਰਿਵਾਰ ਵੱਲੋਂ ਇਕੱਠੇ ਹੋ ਕੇ ਲੜਕੀ ਦੀ ਵਿਦਾਇਗੀ ਸਮੇਂ ਉਸ ਸਮੇਂ ਅਨੁਸਾਰ ਉਪਲਬਧ ਲੜਕੀ ਦੇ ਵਸਤਰ ਵੀ ਉਸ ਦੇ ਨਾਲ ਦੇ ਦਿੱਤੇ ਜਾਂਦੇ ਤੇ ਫਿਰ ਇਹ ਲੋੜ ਤੋਂ ਵੱਧਦੀ ਰਸਮ ਪਿਆਰ ਨਾਲ ਕੁਝ ਹੋਰ ਵਸਤਾਂ ਜਿਵੇਂ ਕੁਝ ਬਰਤਨ ਕੁਝ ਕੱਪੜੇ ਤੇ ਇਸ ਤਰ੍ਹਾਂ ਕੁਝ ਖਾਣ ਦੀਆਂ ਵਸਤਾਂ ਦੇਣ ਲੱਗ ਪਏ ਇੱਕ ਟੋਕਰੀ ਸ਼ਗਨ ਪਟਾਰੀ ਦਿੰਦੇ ਲੜਕੀ ਦੀ ਡੋਲੀ ਜਾਂ ਕਾਰ ਵਿੱਚ ਰੱਖਦੇ ਹਨ ਤਾਂ ਜੋ ਰਸਤੇ ਵਿੱਚ ਜਾਂ ਘਰ ਵਿੱਚ ਵੀ ਕੰਮ ਆਵੇ।

ਥੋੜ੍ਹਾ ਜਿਹਾ ਹੋਰ ਜਮਾਨਾ ਗਿਆ ਤਾਂ ਇਹ ਰਸਮ ਨਿੱਕਾ ਜਿਹਾ ਨਵਾਂ ਪਰਿਵਾਰ ਵਸਾਉਣ ਲਈ ਕਰਦੀਆਂ ਮੁਢਲੀਆਂ ਲੋੜਾਂ ਵਿੱਚ ਯੋਗਦਾਨ ਬਿਸਤਰ ਕੱਪੜੇ ਬਰਤਨ ਪਲੰਘ ਤੇ ਲੜਕੀ ਵਾਸਤੇ ਸ਼ਿੰਗਾਰ ਕਰਨ ਦਾ ਸਧਾਰਨ ਸਮਾਨ ਜਿਵੇਂ ਕਿ ਕੰਘੀ ਸ਼ੀਸ਼ਾ ਸੁਰਮਾ ਦੰਦਾਸਾ ਸੁਰਖੀ ਬਿੰਦੀ ਮਹਿੰਦੀ ਆਦਿਕ ਵੀ ਦੇਣ ਲੱਗ ਪਏ । ਉਸ ਸਮੇਂ ਲੜਕੇ ਵਾਲੇ ਲੜਕੀ ਲਈ ਕੁੱਝ ਸਮਾਨ ਤਿਆਰ ਕਰਦੇ ਜਿਸ ਨੂੰ ਵਰੀ ਕਹਿੰਦੇ ਸੀ ਅਤੇ ਲੜਕੇ ਦੇ ਮਾਪੇ ਧੀ ਦੇ ਵਿਆਹੁਤਾ ਜੀਵਨ ਨੂੰ ਆਰੰਭ ਕਰਨ ਵਾਸਤੇ ਵਰਤਣ ਦਾ ਸਮਾਨ ਦਿੰਦੇ ਜਿਸ ਨੂੰ ਦਾਜ ਕਹਿੰਦੇ ਸਨ ਇਹ ਸਾਰੇ ਸਮਾਨ ਦੇ ਨਾਲ ਬੇਟੀ ਨੂੰ ਬਿਠਾ ਕੇ ਕੰਨਿਆਂ ਦਾਨ ਕਰਨ ਦੀ ਰਸਮ ਕਰਕੇ ਵਿਆਹ ਦੀ ਪ੍ਰਸੰਨਤਾ ਪ੍ਰਾਪਤ ਕਰਦੇ ਇਸ ਤਰ੍ਹਾਂ ਇਹ ਬੜਾ ਸੂਖਮ ਤੇ ਭਾਵਕ ਪਲ ਹੁੰਦਾ ਸੀ ਜੋ ਸਭ ਸੰਬੰਧੀਆਂ ਨੂੰ ਜੀਵਨ ਭਰ ਯਾਦ ਰਹਿੰਦਾ ਤੇ ਖੁਸ਼ੀ ਦਿੰਦਾ ਸੀ

ਸਮੇਂ ਦੀ ਤਬਦੀਲੀ ਦੇ ਨਾਲ ਨਾਲ ਸਭ ਕੁਝ ਬਦਲ ਗਿਆ ਇੱਕ ਸਮਾਂ ਐਸਾ ਵੀ ਹੈ ਜਦੋਂ ਆਰਥਿਕ ਤੌਰ ਤੇ ਕਮਜ਼ੋਰ ਤੇ ਕਈ ਪੁੱਤਰਾਂ ਵਾਲੇ ਕਿਵੇਂ ਰਿਸ਼ਤਾ ਹੋਵੇ ਤਰਲੇ ਲੈਂਦੇ ਕਈ ਵਾਰ ਤਾਂ ਲੜਕੀਆਂ ਵਾਲੇ ਸੰਬੰਧੀਆਂ ਨੂੰ ਉਚੇਚਾ ਮਾਣ ਆਦਰ ਦਿੰਦੇ ਗਰਜਵੰਦਾਂ ਲਈ ਰੱਖਦੇ ਲੜਕੀਆਂ ਘੱਟ ਹੋਣ ਕਰਕੇ ਹੋਰ ਵੀ ਮੁਸ਼ਕਿਲ ਹਾਲਤ ਬਣ ਜਾਂਦੇ। ਕਈ ਮਜਬੂਰ ਲੜਕੇ ਅਤੇ ਲੜਕੀ ਵਾਲੇ ਗਰੀਬ ਮਾਪਿਆਂ ਨੂੰ ਕੁਝ ਰਕਮ ਵੀ ਦੇਣੀ ਕਰਦੇ ਪਰ ਇਸ ਤਰ੍ਹਾਂ ਦੇ ਮਾਪਿਆਂ ਦਾ ਸਮਾਜਿਕ ਸਤਿਕਾਰ ਘਟ ਜਾਂਦਾ ਸੀ। ਰਿਸ਼ਤੇਦਾਰ ਤੇ ਨਗਰ ਦੇ ਪਰਿਵਾਰ ਉਹਨਾਂ ਨੂੰ ਨੀਵੇਂ ਦਰਜੇ ਦੀ ਸੋਚ ਦੇ ਸਮਝਦੇ ਸਨ। ਉਪਰੋਕਤ ਸਭ ਕੁਝ ਲੈਣ ਦੇਣ ਵਿਚੋਲੇ ਰਾਹੀਂ ਹੁੰਦਾ ਸੀ। ਵਿਚੋਲਾ ਕਈ ਵਾਰੀ ਸਧਾਰਨ ਖਰਚੇ ਤੇ ਆਪਣਾ ਲਾਲਚ ਵੀ ਲੜਕੇ ਵਾਲਿਆਂ ਸਿਰ ਹੀ ਪਾ ਦਿੰਦਾ ਸੀ ਇਸ ਤਰ੍ਹਾਂ ਦੇ ਰਿਸ਼ਤੇ ਨੂੰ ਪਾਪ ਮੰਨਿਆਂ ਜਾਂਦਾ ਸੀ। ਇਸ ਦੀ ਉਲਟ ਲੜਕੀ ਨੂੰ ਦਾਜ ਦੇ ਪਿਆਰ ਆਦਰ ਨਾਲ ਵਿਦਾ ਕਰਨ ਨੂੰ ਪੁੰਨ ਦਾ ਰਿਸ਼ਤਾ ਤੇ ਪਰਿਵਾਰ ਨੂੰ ਸਤਿਕਾਰਯੋਗ ਮੰਨੇ ਜਾਂਦਾ ਸੀ। ਇਸ ਤਰ੍ਹਾਂ ਅੱਗੇ ਵਧਦੇ ਹੋਏ ਵਿਆਹ ਦੀ ਰਸਮ ਵਿੱਚ ਰਿਸ਼ਤੇਦਾਰੀਆਂ ਕਈ ਕਿਸਮਾਂ ਪ੍ਰਚਲਿਤ ਹੋ ਗਈਆਂ ਜਿਨਾਂ ਵਿੱਚੋਂ ਕੁਝ ਜਿਵੇਂ ਪੁੰਨ ਦਾ ਰਿਸ਼ਤਾ ਖਰਚੇ ਦਾ ਵੱਟੇ ਦਾ ਦਿਹਾੜੇ ਦਾ ਅਨੁਲੂਮ ਵਲੋਂ ਰਿਸ਼ਤਾ ਆਦਿਕ ਵਿਆਹ ਭਾਵੇਂ ਕਿਸੇ ਵੀ ਫਿਰਕੇ ਪਰਿਵਾਰ ਜਾਂ ਧਰਮ ਨਾਲ ਸੰਬੰਧਿਤ ਹੋਵੇ ਦਾਜ ਦੀ ਰਸਮ ਭਾਵ ਬੇਟੀ ਦੀ ਸ਼ਾਦੀ ਸਮੇਂ ਕੁਝ ਨਾ ਕੁਝ ਦੇਣਾ ਹੀ ਹੁੰਦਾ ਇਸ ਨੂੰ ਸਮਾਜਿਕ ਸਤਿਕਾਰ ਦਾ ਦਰਜਾ ਵੀ ਬਣਾ ਲਿਆ ਗਿਆ। ਸਮੇਂ ਨੇ ਇੱਕ ਐਸਾ ਮੋੜ ਲਿਆਂਦਾ ਕਿ ਜਦ ਤੋਂ ਲੜਕੀ ਮਾਂ ਬਾਪ ਅਤੇ ਸਹੁਰਿਆਂ ਦੀ ਜਾਇਦਾਦ ਦੀ ਕਾਨੂੰਨੀ ਹਿੱਸੇਦਾਰ ਬਣ ਗਈ ਤਾਂ ਲਾਲਚੀ ਲੜਕੇ ਵਾਲੇ ਤਾ ਦਾਜ ਮੰਗਣ ਸਮੇਂ ਕੁੜੀ ਇੰਨੀ ਜਾਇਦਾਦ ਵਿੱਚੋਂ ਬਰਾਬਰ ਦੀ ਹਿੱਸੇਦਾਰ ਹੈ ਕਹਿ ਕੇ ਸੁਣਾ ਦਿੰਦੇ ਕਈ ਲੜਕੀਆਂ ਵੀ ਫੋਕੀ ਸ਼ਾਨ ਵਾਸਤੇ ਮਾਂ ਬਾਪ ਤੋਂ ਖੁੱਲਾ ਦਾਜ ਲੈਣ ਦੀ ਮੰਗ ਤੇ ਕਈ ਕਈ ਕਿਸਮ ਦੀ ਜਿੱਦ ਕਰਦੀਆਂ ਸਮਾਜ ਵਿੱਚ ਸਭ ਤਰਹਾਂ ਦੇ ਲੋਕ ਮਿਲਦੇ ਹਨ ਇਹਨਾਂ ਹਾਲਾਤਾਂ ਵਿੱਚ ਲੜਕੀ ਲੜਕੇ ਵਾਲੇ ਜਾਂ ਲੜਕਾ ਹੀ ਹਿੱਸਾ ਲੈਣ ਦੀ ਜਿੱਦ ਕਰ ਲੈਂਦੇ ਹਨ। ਕੁਝ ਲੜਕੀਆਂ ਤਾਂ ਰਿਸ਼ਤੇ ਦੀ ਰਖਵਾਲੀ ਵਾਸਤੇ ਇਹ ਮੰਨ ਲੈਂਦੀਆਂ ਹਨ ਪਰੰਤੂ ਕਈ ਵਾਰ ਇਹ ਨੌਬਤ ਤਲਾਕ ਅਤੇ ਟੁੱਟ ਫੁੱਟ ਤੱਕ ਪਹੁੰਚ ਜਾਂਦੀ ਹੈ। ਇਸ ਤਰ੍ਹਾਂ ਬੇਟੀ ਦੀ ਖੁਸ਼ੀ ਹੁਣ ਉਹ ਪ੍ਰਸੰਨਤਾ ਨਾ ਦੇਣ ਵਾਲੀ ਨਹੀਂ ਸਗੋਂ ਇੱਕ ਵਿਕਰਾਲ ਰੂਪ ਧਾਰਨ ਕਰਕੇ ਸਮਾਜਿਕ ਕਲੰਕ ਬਣ ਚੁੱਕੀ ਹੈ। ਕਈ ਪੜ੍ਹੇ ਲਿਖੇ ਚੰਗੀ ਜਾਇਦਾਦ ਵਾਲਿਆਂ ਤੇ ਕਈ ਨੌਕਰੀ ਕਰਦੇ ਆ ਤੇ ਕਈ ਕਾਰਖਾਨੇ ਫੈਕਟਰੀ ਵਾਲੇ ਦਾਜ ਵਿੱਚ ਲੈਣ ਵਾਲੀਆਂ ਵਸਤਾਂ ਜਿਵੇਂ ਕਿੰਨਾ ਸੋਨਾ ਕਿਹੜੀ ਕਾਰ ਅਤੇ ਹੋਰ ਕਈ ਕੁਝ ਦੀ ਲੰਮੀ ਲਿਸਟ ਤੱਕ ਬਣਾ ਕੇ ਮੰਗਦੇ ਆ ਤੇ ਵਿਆਹ ਸਮੇਂ ਗਿਣ ਕੇ ਪੂਰਾ ਕਰਦੇ ਹਨ ਜੇ ਕੋਈ ਕਮੀ ਹੋਵੇ ਤਾਂ ਵਿਆਹ ਦੀ ਰਸਮ ਤੋਂ ਪਹਿਲਾਂ ਪੂਰੀ ਵੀ ਕਰਵਾਉਂਦੇ ਹਨ। ਇਸ ਤਰ੍ਹਾਂ ਸਮਾਜ ਵਿੱਚ ਲਾਈ ਲੱਗ ਲੋਕ ਰੀਸੋ ਰੀਸ ਗਰੀਬ ਕਰਜੇ ਲੈ ਕੇ ਅਤੇ ਅਮੀਰ ਖੁੱਲੇ ਖਰਚ ਖਿਲਾਰੇ ਕਰਕੇ ਫਾਲਤੂ ਖਰਚਾ ਕਰਕੇ ਅਤੇ ਦਾਜ ਦਿੰਦੇ ਲੈਂਦੇ ਹਨ। ਕਦੀ ਕਦੀ ਤਾਂ ਲੜਕੀ ਦੇ ਨਾਂ ਕਰਨ ਤੇ ਅਤੇ ਲੜਕੇ ਵਾਲੇ ਚੰਗੇ ਸਾਊ ਹੋਣ ਦੇ ਬਾਵਜੂਦ ਜ਼ਬਰਦਸਤੀ ਲੋਕ ਲਾਜ ਤੇ ਨੱਕ ਨਬੂਜ ਕਹਿ ਕੇ ਮਾਪੇ ਦਾਜ ਦਿੰਦੇ ਹਨ। ਸਗੋਂ ਇਸ ਤਰਾਂ ਮੇਲ ਖਾਂਦੇ ਗੀਤ ਵੀ ਜਿਵੇਂ "ਗੱਡੀ ਜਾਂਦੀ ਹੈ ਸੰਦੂਕੋਂ ਖਾਲੀ ਨੀ ਬਹੁਤਿਆਂ ਭਰਾਵਾਂ ਵਾਲੀਏ" ਇਹਨਾਂ ਹਾਲਾਤਾਂ ਤੇ ਲੜਕੀ ਦੇ ਜਨਮ ਪ੍ਰਤੀ ਅਤੇ ਵਿਆਹ ਸ਼ਾਦੀ ਦੇ ਵਿਕਰਾਲ ਰੂਪ ਤੋਂ ਡਰ ਕੇ ਕੁੜੀਆਂ ਨੂੰ ਜਨਮ ਲੈਣ ਤੋਂ ਹੀ ਰੁਕਾਵਟ ਪਾਉਂਦੇ ਹਨ ਕਈ ਖੱਬੀ ਖਾਨ ਤਾਂ ਤੜਾਕ ਨਾਲ ਮੂਰਖਤਾ ਭਰੀ ਸ਼ਬਦ ਅਸੀਂ ਕਿਸੇ ਦੇ ਸਾਲੇ ਮਾਮੇ ਨਹੀਂ ਬਣਨਾ ਇਹਨਾਂ ਗੱਲਾਂ ਵਿੱਚ ਹੀ ਭਰੂਣ ਹੱਤਿਆ ਦੀ ਭਾਵਨਾ ਛਿਪੀ ਹੈ। ਭਲਾ ਬੰਦਾ ਪੁੱਛੇ ਤੁਹਾਡੇ ਘਰ ਆਈ ਪਤਨੀ ਦਾ ਭਰਾ ਤੁਹਾਡਾ ਸਾਲਾ ਨਹੀਂ ਜੇ ਉਹ ਵੀ ਇਹ ਕਹਿੰਦਾ ਸੋਚਦਾ ਤਾਂ ਤੁਹਾਡੇ ਘਰ ਕਿਵੇਂ ਵੱਸਦਾ ਸਮਾਜ ਵਿੱਚ ਇਸ ਤਰ੍ਹਾਂ ਦੇ ਆਕੜਬਾਜਾਂ ਦੀ ਸੋਚ ਅਤੇ ਗਰੀਬਾਂ ਵੱਲੋਂ ਅਮੀਰਾਂ ਦੀ ਰੀਸ ਨਾਲ ਦਾਜ ਦੇਣ ਲਈ ਕਰਜਾਈ ਹੋਣਾ ਤੇ ਬਾਕੀ ਪਰਿਵਾਰ ਨੂੰ ਆਰਥਿਕ ਤੇ ਮਾਨਸਿਕ ਸੰਕਟ ਵਿੱਚ ਪਾਉਣਾ ਇਹਨਾਂ ਹਾਲਾਤਾਂ ਦੇ ਪਿਛੋਕੜ ਨੇ ਦਾਜ ਦੀ ਰਸਮ ਦਾ ਤਾਂ ਭਿਆਨਕ ਰੂਪ ਬਣਾ ਹੀ ਦਿੱਤਾ ਹੈ ਸਗੋਂ ਨਾਲ ਦੀ ਨਾਲ ਭਰੂਣ ਹੱਤਿਆ ਵਰਗੇ ਕਾਤਲਾਨਾ ਪਾਪ ਅਤੇ ਕਾਨੂੰਨੀ ਜੁਰਮ ਨੂੰ ਵੀ ਸਿੱਧੇ ਜਾਂ ਅਸਿੱਧੇ ਉਤਸ਼ਾਹਿਤ ਕੀਤਾ ਹੈ ਇਹਨਾਂ ਘਨਾਉਣੇ ਹਾਲਾਤਾਂ ਤੋਂ ਭੈਭੀਤ ਹੋ ਕੇ ਤੇ ਨਿਰਾਸ਼ ਹੋ ਕੇ ਰਹਿ ਜਾਣਾ ਜਾਂ ਬਹਿ ਜਾਣਾ ਕੋਈ ਮਨੁੱਖਤਾ ਵੱਧਦੀ ਜਾਂ ਸਮਾਜ ਦੀ ਉਸਾਰੂ ਸੋਚ ਨਹੀਂ ਹੋਵੇਗੀ ਸਗੋਂ ਇਸ ਦਾ ਇਲਾਜ ਕਰਨਾ ਹੋਵੇਗਾ (ਇਹ ਸਭ ਲਿਖਤ ਬਾਈ ਮੈਣੀ ਸਾਹਿਬ ਦੀ ਲਿਖੀ ਹੋਈ ਹੈ ਜੋ ਵਿਰਸੇ ਨਾਲ ਸਬੰਧਤ ਕਰਕੇ ਮੈਂ ਅਖ਼ਬਾਰੀ ਕੀਤੀ ਹੈ ਜੀ) ਲੜਕੀ ਦੇ ਵਿਉਤਾ ਜੀਉਣ ਲਈ ਕੁਝ ਮਾਪਿਆਂ ਵੱਲੋਂ ਮਦਦ ਦੇਣੀ ਇੱਥੋਂ ਤੱਕ ਤਾਂ ਇਹ ਜਾਇਜ਼ ਹੈ ਪਰ ਅੱਜ ਕੱਲ ਨੱਕ ਨਮੂਜ ਰੱਖਣ ਲਈ ਵੱਡੀਆਂ ਵੱਡੀਆਂ ਮੰਗਾਂ ਕਰੋੜਾਂ ਅਰਬਾਂ ਦੇ ਖਰਚੇ ਕਰਵਾਈ ਜਾਂਦੇ ਹਨ ਇਹ ਕਿਸੇ ਵੀ ਤਰੀਕੇ ਸਹੀ ਨਹੀਂ ਮੰਨਿਆ ਜਾ ਸਕਦਾ ਤੇ ਇਸੇ ਕਰਕੇ ਸਾਰਾ ਸਮਾਜ ਟੁੱਟ ਫੁੱਟ ਹੁੰਦਾ ਜਾ ਰਿਹਾ ਹੈ ਤਲਾਕ ਦੇ ਮੁਕਦਮੇ ਵਧਦੇ ਜਾ ਰਹੇ ਹਨ।

ਡਾਕਟਰ ਅਨੁਸਾਰ ਜਿਸ ਮਰੀਜ਼ ਦਾ ਮਨੋਬਲ ਤਗੜਾ ਹੋਵੇ ਉਹ ਰੋਂਦੂ ਮਰੀਜ਼ਾਂ ਨਾਲੋਂ ਜਲਦੀ ਤੰਦਰੁਸਤ ਹੋ ਜਾਂਦਾ ਹੈ ਭਾਵ ਇਹ ਹੈ ਕਿ ਇਹ ਸਮੱਸਿਆ ਸਿੱਧੇ ਤੌਰ ਤੇ ਨਾਰੀ ਨੂੰ ਦੁਖਿਆਰੀ ਬਣਾਉਂਦੀ ਹੈ ਤੇ ਨਾਰੀ ਹੀ ਭਾਵੇਂ ਗਿਣਤੀ ਅਨੁਸਾਰ ਧਰਤੀ ਦੀ ਲਗਭਗ ਅੱਧੀ ਵਸੋਂ ਹੈ ਪਰ ਦੂਜੇ ਪਾਸੇ ਪੂਰੀ ਮਨੁੱਖੀ ਨਸਲ ਦੀ ਮਾਂ ਹੈ ਅਤੇ ਇਸਦੀ ਅਨਹੋਂਦ ਵਿੱਚ ਤਾਂ ਮਨੁੱਖੀ ਨਸਲ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਹਰ ਇੱਕ ਮਾਂ ਵੀ ਤਾਂ ਕਦੇ ਕੰਨਿਆ ਸੀ ਤੇ ਉਸ ਤੋਂ ਪਹਿਲਾਂ ਭਰੂਣ ਵੀ ਸੀ ਕਿ ਉਹ ਆਪਣੇ ਬੇਟੇ ਜਾਂ ਬੇਟੀ ਦੇ ਵਿਆਹ ਸਮੇਂ ਦਾਜ ਦਾ ਡੱਟ ਕੇ ਵਿਰੋਧ ਨਹੀਂ ਕਰ ਸਕਦੀ? ਕੀ ਉਹ ਆਪਣੀ ਬੇਟੀ ਜਾਂ ਪੋਤੀ ਦੇ ਭਰੂਣ ਦੀ ਰਖਵਾਲੀ ਨਹੀਂ ਕਰ ਸਕਦੀ? ਨਾਰੀ ਇਤਨੀ ਨਿਰਬਲ ਨਹੀਂ ਹੈ ਜੋ ਇਸ ਸਮੱਸਿਆ ਨੂੰ ਰੋਕ ਨਾ ਸਕੇ ਜੇ ਨਾਰੀ ਮਨੁੱਖਤਾ ਦੀ ਅੱਧੀ ਗਿਣਤੀ ਹੈ ਤਾਂ ਬਾਕੀ ਪੁਰਸ਼ ਵੀ ਭਾਵੇਂ ਬੱਚੇ ਬੁੱਢੇ ਜਾਂ ਨੌਜਵਾਨ ਮਾਵਾਂ ਦੇ ਹੀ ਪੁੱਤਰ ਹਨ ਕੀ ਉਹਨਾਂ ਦਾ ਕਰਤਵ ਨਹੀਂ ਬਣਦਾ ਕਿ ਉਹ ਆਪਣੀ ਜਨਣੀ ਦੀ ਪਾਲਣਾ ਸੰਭਾਲ ਭਾਵ ਰਖਵਾਲੀ ਕਰਨ?

ਪੁਰਸ਼ ਇਤਨਾ ਅਕਿਰਤਘਣ ਨਹੀਂ ਹੋ ਸਕਦਾ ਇਸ ਤਰ੍ਹਾਂ ਨੌਜਵਾਨ ਪੀੜੀ ਦੇ ਮੁੰਡੇ ਤੇ ਕੁੜੀਆਂ ਇਹ ਮੋਰਚਾ ਸੰਭਾਲ ਕੇ ਸਮੱਸਿਆ ਦਾ ਹੱਲ ਕਰ ਸਕਦੇ ਹਨ। ਇੱਥੇ ਇੱਕ ਉਦਾਹਰਨ ਸਿੱਧ ਕਰਦੀ ਹੈ ਕਿ ਨਾਰੀ ਕਿਤਨੀ ਯਥਾਰਤਵਾਦੀ ਹੈ ਅਤੇ ਕਿੰਨੀ ਪਰਿਵਰਤਨ ਲਿਆ ਸਕਦੀ ਹੈ ਜਿਵੇਂ ਇਸ ਨੇ ਘੁੰਡ ਵਰਗੀ ਘਿਨਾਉਣੀ ਰਸਮ ਨੂੰ ਸਿੱਧੇ ਪਾਸੇ ਵੱਲ ਮੋੜ ਜਲਦੀ ਸਫਲ ਹੋਣ ਵਾਲੀ ਹੈ। ਭਾਵੇਂ ਬੁਰਕਾ ਇਸਲਾਮ ਦੀ ਪਵਿੱਤਰ ਰਸਮ ਹੈ ਪਰ ਫਿਰ ਵੀ ਪੜੀਆਂ ਤੇ ਨੌਕਰੀ ਕਰਦੀਆਂ ਔਰਤਾਂ ਨੇ ਬੁਰਕਾ ਤਿਆਗ ਦਿੱਤਾ ਹੈ। ਆਪਾਂ ਸਾਰੇ ਆਜ਼ਾਦੀ ਤੋਂ ਪਹਿਲਾਂ ਤੇ ਆਜ਼ਾਦੀ ਤੋਂ ਚਾਰ ਦੁਹਾਕੇ ਪਿੱਛੋਂ ਤੱਕ ਸਮੇਂ ਨੂੰ ਹੁਣ ਤੱਕ ਦੀਆਂ ਘੁੰਡ ਵਾਲੀਆਂ ਰਸਮਾਂ ਨਾਲ ਤੁਲਨਾ ਕਰੋ ਪਹਿਲਾਂ ਸੜਕਾਂ ਬਾਜ਼ਾਰਾਂ ਸਟੇਸ਼ਨਾਂ ਬੱਸਾਂ ਅੱਡਿਆਂ ਤੇ ਹੀ ਨਹੀਂ ਸਗੋਂ ਘਰਾਂ ਵਿੱਚ ਤੱਕ ਘੁੰਡ ਵਾਲੀਆਂ ਲਗਭਗ ਸਾਰੀਆਂ ਵਾਂਗ ਸੀ। ਪਰ ਇਸ ਦੇ ਦੂਜੇ ਪਾਸੇ ਸਭ ਥਾਵਾਂ ਦੇ ਨਾਲ ਸਕੂਲਾਂ ਕਾਲਜਾਂ ਦਫਤਰਾਂ ਤੋਂ ਹਸਪਤਾਲਾਂ ਵਿੱਚ ਬਿਨਾਂ ਘੁੰਡ ਤੋਂ ਕੀ ਇਹ ਸਭ ਕੁਝ ਪੁਰਸ਼ਾਂ ਨੇ ਕੀਤਾ ਹੈ? ਹਾਂ ਸਮਝਦਾਰ ਪੁਰਸ਼ਾਂ ਨੇ ਸਾਥ ਦਿੱਤਾ ਜਰੂਰ ਹੈ ਹਾਮੀ ਭਰੀ ਹੈ ਇਹ ਸਭ ਕੁਝ ਵਿੱਦਿਆ ਨੇ ਨੌਜਵਾਨ ਪੁਰਸ਼ਾਂ ਅਤੇ ਇਸਤਰੀ ਨੇ ਹੀ ਕੀਤਾ ਹੈ। ਇਸ ਲਈ ਇਹ ਵਿਸ਼ਵਾਸ ਕੀਤਾ ਜਾ ਸਕਦਾ ਹੈ ਕਿ ਦਾਜ ਵਰਗੀ ਲਾਹਨਤ ਤੋਂ ਵਿਦਿਆ ਦੀ ਸਹਾਇਤਾ ਲੈ ਕੇ ਨੌਜਵਾਨ ਪੁਰਸ਼ ਅਤੇ ਇਸਤਰੀ ਜਰੂਰ ਹੀ ਸਮਾਜ ਦਾ ਅਤੇ ਮਨੁੱਖਤਾ ਦਾ ਛੁਟਕਾਰਾ ਕਰਵਾ ਸਕਦੇ ਹਨ। ਸਕੂਲਾਂ ਕਾਲਜਾਂ ਦਫਤਰਾਂ ਤੋਂ ਹਸਪਤਾਲਾਂ ਵਿੱਚ ਬਿਨਾਂ ਘੁੰਡ ਤੋਂ ਕੀ ਇਹ ਸਭ ਕੁਝ ਪੁਰਸ਼ਾਂ ਨੇ ਕੀਤਾ ਹੈ ਹਾਂ ਸਮਝਦਾਰ ਪੁਰਸ਼ਾਂ ਨੇ ਸਾਥ ਦਿੱਤਾ ਜਰੂਰ ਹੈ ਹਾਮੀ ਭਰੀ ਹੈ ਇਹ ਸਭ ਕੁਝ ਵਿੱਦਿਆ ਨੇ ਨੌਜਵਾਨ ਪੁਰਸ਼ਾਂ ਅਤੇ ਇਸਤਰੀ ਨੇ ਹੀ ਕੀਤਾ ਹੈ। ਇਸ ਲਈ ਇਹ ਵਿਸ਼ਵਾਸ ਕੀਤਾ ਜਾ ਸਕਦਾ ਹੈ ਕਿ ਦਾਜ ਵਰਗੀ ਲਾਹਨਤ ਤੋਂ ਵਿਦਿਆ ਦੀ ਸਹਾਇਤਾ ਲੈ ਕੇ ਨੌਜਵਾਨ ਪੁਰਸ਼ ਅਤੇ ਇਸਤਰੀ ਜਰੂਰ ਹੀ ਸਮਾਜ ਦਾ ਅਤੇ ਮਨੁੱਖਤਾ ਦਾ ਛੁਟਕਾਰਾ ਕਰਵਾ ਸਕਦੇ ਹਨ।

ਜਸਵੀਰ ਸ਼ਰਮਾ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

# ਸ਼ਬਦਾਂ ਦੀ ਰੂਹ ਤੇ ਡਿਜ਼ੀਟਲ ਖੋਰਾ: ਚਿੱਠੀਆਂ ਤੋਂ 'ਡਿਲੀਟ' ਤੱਕ ਦਾ ਸਫ਼ਰ



ਕਦੇ ਆਪਣੇ ਘਰ ਦੇ ਕਿਸੇ ਪੁਰਾਣੇ ਸੰਦੂਕ ਜਾਂ ਅਲਮਾਰੀ ਦੇ ਕੋਨੇ ਵਿੱਚ ਪਈ ਉਹ ਚਿੱਠੀ ਲੱਭ ਕੇ ਦੇਖਣਾ, ਜਿਸ ਦੇ ਕਾਗਜ਼ ਹੁਣ ਪੀਲੇ ਪੈ ਚੁੱਕੇ ਹਨ ਅਤੇ ਜਿਸ ਦੀ ਸਿਆਹੀ ਸ਼ਾਇਦ ਥੋੜ੍ਹੀ ਫਿੱਕੀ ਪੈ ਗਈ ਹੈ। ਉਸ ਕਾਗਜ਼ ਨੂੰ ਹੱਥ ਲਾਉਂਦਿਆਂ ਹੀ ਤੁਹਾਨੂੰ ਉਹ ਇਨਸਾਨ ਮਹਿਸੂਸ ਹੋਵੇਗਾ ਜਿਸ ਨੇ ਇਸ ਨੂੰ ਲਿਖਿਆ ਸੀ। ਉਹ ਚਿੱਠੀ ਸਿਰਫ਼ ਇੱਕ ਸੁਨੇਹਾ ਨਹੀਂ ਸੀ, ਸਗੋਂ ਉਹ ਲਿਖਣ ਵਾਲੇ ਦੇ ਹੱਥਾਂ ਦੀ ਛੋਹ, ਉਸ ਦੇ ਦਿਲ ਦੀ ਧੜਕਣ ਅਤੇ ਉਸ ਦੇ ਸਬਰ ਦਾ ਨਮੂਨਾ ਸੀ। ਉਸ ਦੌਰ ਵਿੱਚ ਜਦੋਂ ਅਸੀਂ ਚਿੱਠੀ ਲਿਖਦੇ ਸੀ, ਤਾਂ ਇੱਕ-ਇੱਕ ਸ਼ਬਦ ਬਹੁਤ ਸੋਚ-ਸਮਝ ਕੇ ਚੁਣਿਆ ਜਾਂਦਾ ਸੀ, ਕਿਉਂਕਿ ਉੱਥੇ 'ਬੈਕਸਪੇਸ' ਦਬਾਉਣ ਜਾਂ ਗਲਤੀ ਸੁਧਾਰਨ ਦੀ ਕੋਈ ਗੁੰਜਾਇਸ਼ ਨਹੀਂ ਸੀ। ਉਹ ਸ਼ਬਦ ਕਾਗਜ਼ 'ਤੇ ਉੱਕਰੇ ਹੋਏ ਪੱਥਰ ਦੀ ਲਕੀਰ ਵਾਂਗ ਹੁੰਦੇ ਸਨ, ਜਿਨ੍ਹਾਂ ਵਿੱਚ ਸੱਚਾਈ ਅਤੇ ਠਹਿਰਾਅ ਹੁੰਦਾ ਸੀ। ਚਿੱਠੀ ਭੇਜਣ ਤੋਂ ਬਾਅਦ ਸ਼ੁਰੂ ਹੁੰਦੀ ਸੀ ਉਹ ਮਿੱਠੀ 'ਉਡੀਕ', ਜੋ ਰਿਸ਼ਤਿਆਂ ਵਿੱਚ ਗਹਿਰਾਈ ਭਰਦੀ ਸੀ। ਡਾਕੀਏ ਦੇ ਸਾਈਕਲ ਦੀ ਘੰਟੀ ਸਿਰਫ਼ ਇੱਕ ਆਵਾਜ਼ ਨਹੀਂ, ਸਗੋਂ ਉਮੀਦਾਂ ਦੀ ਇੱਕ ਨਵੀਂ ਕਿਰਨ ਹੁੰਦੀ ਸੀ।

ਪਰ ਅੱਜ ਅਸੀਂ ਉਸ ਦੌਰ ਵਿੱਚ ਜੀਅ ਰਹੇ ਹਾਂ ਜਿੱਥੇ ਸਭ ਕੁਝ 'ਇੰਸਟੈਂਟ' (ਤੁਰੰਤ) ਹੈ। ਸਾਡੇ ਹੱਥਾਂ ਵਿੱਚ ਫੜੇ ਸਮਾਰਟਫੋਨ ਨੇ ਸੁਨੇਹੇ ਤਾਂ ਤੇਜ਼ ਕਰ ਦਿੱਤੇ, ਪਰ ਜਜ਼ਬਾਤਾਂ ਦੀ ਉਹ ਗਰਮਾਹਟ ਕਿਤੇ ਗੁਆ ਦਿੱਤੀ ਹੈ। ਅੱਜ ਅਸੀਂ ਮੈਸੇਜ ਭੇਜਦੇ ਹਾਂ ਅਤੇ ਦੂਜੇ ਹੀ ਪਲ ਉਸ ਨੂੰ 'Delete for Everyone' ਕਰ ਦਿੰਦੇ ਹਾਂ। ਇਹ ਫੀਚਰ ਸਾਨੂੰ ਇਹ ਤਾਂ ਸਹੂਲਤ ਦਿੰਦਾ ਹੈ ਕਿ ਅਸੀਂ ਆਪਣੀ ਗਲਤੀ ਮਿਟਾ ਸਕੀਏ, ਪਰ ਇਹ ਸਾਡੇ ਰਿਸ਼ਤਿਆਂ ਵਿੱਚੋਂ ਉਹ 'ਜ਼ਿੰਮੇਵਾਰੀ' ਵੀ ਲੈ ਗਿਆ ਹੈ ਜੋ ਪਹਿਲਾਂ ਸ਼ਬਦਾਂ ਨਾਲ ਜੁੜੀ ਹੁੰਦੀ ਸੀ। ਅੱਜ ਅਸੀਂ ਬਿਨਾਂ ਸੋਚੇ ਕੁਝ ਵੀ ਲਿਖ ਦਿੰਦੇ ਹਾਂ ਕਿਉਂਕਿ ਸਾਨੂੰ ਪਤਾ ਹੈ ਕਿ ਅਸੀਂ ਇਸ ਨੂੰ ਮਿਟਾ ਸਕਦੇ ਹਾਂ। ਪਰ ਕੀ ਅਸੀਂ ਕਦੇ ਸੋਚਿਆ ਹੈ ਕਿ ਜਿਸ ਨੂੰ ਅਸੀਂ ਡਿਲੀਟ ਕੀਤਾ, ਉਸ ਦਾ ਨਿਸ਼ਾਨ ਪੜ੍ਹਨ ਵਾਲੇ ਦੇ ਮਨ 'ਤੇ ਤਾਂ ਰਹਿ ਹੀ ਜਾਂਦਾ ਹੈ? ਅੱਜ ਦੀਆਂ ਗੱਲਾਂ 'ਕਲਾਊਡ' ਵਿੱਚ ਤਾਂ ਸਾਂਭੀਆਂ ਜਾਂਦੀਆਂ ਹਨ, ਪਰ ਦਿਲਾਂ ਵਿੱਚ ਉਹ ਜਗ੍ਹਾ ਨਹੀਂ ਬਣਾ ਪਾਉਂਦੀਆਂ। ਰਿਸ਼ਤਿਆਂ ਦਾ ਇਹ ਡਿਜ਼ੀਟਲ ਖੋਰਾ ਸਾਨੂੰ ਬਹੁਤ ਕੁਝ ਸਿਖਾ ਰਿਹਾ ਹੈ। ਪਹਿਲਾਂ ਇੱਕ ਚਿੱਠੀ ਸਾਰੀ ਉਮਰ ਲਈ ਇੱਕ ਸਰਮਾਇਆ ਬਣ ਜਾਂਦੀ ਸੀ, ਜਿਸ ਨੂੰ ਲੋਕ ਬਾਰ-ਬਾਰ ਪੜ੍ਹਦੇ ਸਨ ਅਤੇ ਹਰ ਵਾਰ ਉਸ ਵਿੱਚੋਂ ਇੱਕ ਨਵਾਂ ਅਹਿਸਾਸ ਲੱਭਦੇ ਸਨ। ਅੱਜ ਸਾਡੇ ਫੋਨ ਹਜ਼ਾਰਾਂ ਮੈਸੇਜਾਂ ਨਾਲ ਭਰੇ ਹੋਏ ਹਨ, ਪਰ ਜਦੋਂ ਕਦੇ ਮਨ ਉਦਾਸ ਹੁੰਦਾ ਹੈ, ਤਾਂ ਕੋਈ ਇੱਕ ਸੁਨੇਹਾ ਵੀ ਅਜਿਹਾ ਨਹੀਂ ਮਿਲਦਾ ਜੋ ਰੂਹ ਨੂੰ ਸਕੂਨ ਦੇ ਸਕੇ। ਅਸੀਂ ਇਮੋਜੀਜ਼ (Emojis) ਦੀ ਵਰਤੋਂ ਤਾਂ ਬਹੁਤ ਕਰਦੇ ਹਾਂ, ਪਰ ਅਸਲ ਮੁਸਕਰਾਹਟ ਅਤੇ ਅਸਲ ਅੱਥਰੂ ਉਹਨਾਂ ਚਿੱਤਰਾਂ ਪਿੱਛੇ ਕਿਤੇ ਗੁਆਚ ਗਏ ਹਨ। ਅਸੀਂ ਗੱਲਾਂ ਤਾਂ ਬਹੁਤ ਕਰ ਰਹੇ ਹਾਂ, ਪਰ ਸੰਵਾਦ (Dialogue) ਖ਼ਤਮ ਹੁੰਦਾ ਜਾ ਰਿਹਾ ਹੈ। ਚਿੱਠੀ ਲਿਖਣ ਵੇਲੇ ਜੋ ਖ਼ਾਮੋਸ਼ੀ ਹੁੰਦੀ ਸੀ, ਉਹ ਅੱਜ ਦੇ ਨੋਟੀਫਿਕੇਸ਼ਨਾਂ ਦੇ ਸ਼ੋਰ ਵਿੱਚ ਕਿਤੇ ਦੱਬ ਗਈ ਹੈ।

ਇੱਕ ਲੇਖਕ ਵਜੋਂ ਮੈਂ ਮਹਿਸੂਸ ਕਰਦਾ ਹਾਂ ਕਿ ਸਾਨੂੰ ਮੁੜ ਤੋਂ ਸ਼ਬਦਾਂ ਦੀ ਮਰਯਾਦਾ ਨੂੰ ਪਛਾਣਨ ਦੀ ਲੋੜ ਹੈ। ਤਕਨਾਲੋਜੀ ਮਾੜੀ ਨਹੀਂ, ਪਰ ਇਸ ਦੀ ਵਰਤੋਂ ਕਰਦਿਆਂ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਾਹਮਣੇ ਵਾਲਾ ਵੀ ਇੱਕ ਇਨਸਾਨ ਹੈ, ਕੋਈ ਮਸ਼ੀਨ ਨਹੀਂ। ਕਦੇ-ਕਦੇ ਆਪਣੇ ਕਿਸੇ ਖ਼ਾਸ ਇਨਸਾਨ ਨੂੰ ਇੱਕ ਕਾਗਜ਼ 'ਤੇ ਦੋ ਲਾਈਨਾਂ ਲਿਖ ਕੇ ਦੇਣਾ, ਉਹ ਅਹਿਸਾਸ ਕਿਸੇ ਵੀ ਮਹਿੰਗੇ ਮੈਸੇਜ ਜਾਂ ਗਿਫ਼ਟ ਨਾਲੋਂ ਕਿਤੇ ਉੱਪਰ ਹੋਵੇਗਾ। ਜਿਸ ਦਿਨ ਅਸੀਂ ਆਪਣੀ ਜ਼ਬਾਨ ਅਤੇ ਆਪਣੇ ਸੁਨੇਹਿਆਂ ਵਿੱਚੋਂ 'ਡਿਲੀਟ' ਕਰਨ ਦੀ ਆਦਤ ਨੂੰ ਛੱਡ ਕੇ, 'ਸਾਂਭਣ' ਵਾਲੇ ਸ਼ਬਦ ਬੋਲਣੇ ਸ਼ੁਰੂ ਕਰ ਦਿੱਤੇ, ਉਸ ਦਿਨ ਸਾਡੇ ਰਿਸ਼ਤੇ ਫਿਰ ਤੋਂ ਉਹਨਾਂ ਪੁਰਾਣੀਆਂ ਚਿੱਠੀਆਂ ਵਾਂਗ ਖ਼ੂਬਸੂਰਤ ਅਤੇ ਪਾਕੀਜ਼ਾ ਹੋ ਜਾਣਗੇ। ਜ਼ਿੰਦਗੀ ਨੂੰ ਸਿਰਫ਼ ਸਕਰੀਨਾਂ 'ਤੇ ਨਾ ਜੀਓ, ਸਗੋਂ ਜਜ਼ਬਾਤਾਂ ਦੀ ਉਸ ਸਿਆਹੀ ਨਾਲ ਲਿਖੋ ਜੋ ਕਦੇ ਫਿੱਕੀ ਨਾ ਪਵੇ।

ਸਨਦੀਪ ਸਿੱਧੂ - 9463661542

## ਭਾਰਤ ਵਿੱਚ ਹਵਾਈ ਯਾਤਰਾ ਕਰਨ ਵਾਲੇ ਯਾਤਰੀਆਂ ਲਈ ਇੱਕ ਵੱਡੀ ਰਾਹਤ ਵਾਲੀ ਖ਼ਬਰ ਸਾਹਮਣੇ ਆਈ ਹੈ



ਭਾਰਤ ਵਿੱਚ ਹਵਾਈ ਯਾਤਰਾ ਕਰਨ ਵਾਲੇ ਯਾਤਰੀਆਂ ਲਈ ਇੱਕ ਵੱਡੀ ਰਾਹਤ ਵਾਲੀ ਖ਼ਬਰ ਸਾਹਮਣੇ ਆਈ ਹੈ। ਸਿਵਲ ਏਵੀਏਸ਼ਨ ਦੇ ਨਿਯਮਾਂ ਨੂੰ ਸੰਭਾਲਣ ਵਾਲੀ ਸੰਸਥਾ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (ਡੀਜੀਸੀਏ) ਨੇ ਹਵਾਈ ਟਿਕਟਾਂ ਦੇ ਰੱਦ ਕਰਨ ਅਤੇ ਰਿਫੰਡ ਨਾਲ ਜੁੜੇ ਨਿਯਮਾਂ ਵਿੱਚ ਮਹੱਤਵਪੂਰਨ ਸੋਧ ਕੀਤੀ ਹੈ। ਇਸ ਨਵੇਂ ਨਿਯਮ ਅਨੁਸਾਰ, ਹੁਣ ਯਾਤਰੀ ਟਿਕਟ ਬੁੱਕ ਕਰਨ ਤੋਂ ਬਾਅਦ ਪਹਿਲੇ 48 ਘੰਟਿਆਂ ਦੇ ਅੰਦਰ ਟਿਕਟ ਨੂੰ ਰੱਦ ਜਾਂ ਬਦਲ ਸਕਦੇ ਹਨ ਅਤੇ ਇਸ ਲਈ ਕੋਈ ਵਾਧੂ ਰੱਦੀਕਰਨ ਫੀਸ ਨਹੀਂ ਲੱਗੇਗੀ। ਇਹ ਫੈਸਲਾ ਯਾਤਰੀਆਂ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਸ਼ਿਕਾਇਤਾਂ ਨੂੰ ਧਿਆਨ ਵਿੱਚ ਰੱਖ ਕੇ ਲਿਆ ਗਿਆ ਹੈ, ਜਿਨ੍ਹਾਂ ਵਿੱਚ ਰਿਫੰਡ ਵਿੱਚ ਦੇਰੀ ਅਤੇ ਵਾਧੂ ਖਰਚਿਆਂ ਦੀ ਸਮੱਸਿਆ ਸਭ ਤੋਂ ਵੱਧ ਸੀ।

ਡੀਜੀਸੀਏ ਨੇ ਇਹ ਨਵਾਂ ਨਿਯਮ 26 ਫਰਵਰੀ 2026 ਨੂੰ ਜਾਰੀ ਕੀਤਾ ਅਤੇ ਇਹ 26 ਮਾਰਚ 2026 ਤੋਂ ਲਾਗੂ ਹੋ ਜਾਵੇਗਾ। ਇਸ ਨਿਯਮ ਨੂੰ "ਲੁੱਕ-ਇਨ ਆਪਸ਼ਨ" ਵਜੋਂ ਜਾਣਿਆ ਜਾ ਰਿਹਾ ਹੈ। ਇਸ ਦੇ ਅਧੀਨ, ਟਿਕਟ ਬੁੱਕ ਕਰਨ ਤੋਂ 48 ਘੰਟੇ ਅੰਦਰ ਯਾਤਰੀ ਟਿਕਟ ਰੱਦ ਕਰ ਸਕਦਾ ਹੈ ਅਤੇ ਪੂਰਾ ਰਿਫੰਡ ਮਿਲ ਜਾਵੇਗਾ, ਬਿਨਾਂ ਕਿਸੇ ਕੈਂਸਲੇਸ਼ਨ ਚਾਰਜ ਦੇ। ਹਾਲਾਂਕਿ ਇਹ ਸਹੂਲਤ ਕੁਝ ਸ਼ਰਤਾਂ ਨਾਲ ਜੁੜੀ ਹੋਈ ਹੈ। ਜੇਕਰ ਫਲਾਈਟ ਦੀ ਰਵਾਨਗੀ ਬੁੱਕਿੰਗ ਤੋਂ 7 ਦਿਨਾਂ (ਘਰੇਲੂ ਉਡਾਣਾਂ ਲਈ) ਜਾਂ 15 ਦਿਨਾਂ (ਅੰਤਰਰਾਸ਼ਟਰੀ ਉਡਾਣਾਂ ਲਈ) ਤੋਂ ਘੱਟ ਸਮੇਂ ਵਿੱਚ ਹੈ ਤਾਂ ਇਹ 48 ਘੰਟੇ ਵਾਲੀ ਸਹੂਲਤ ਉਪਲਬਧ ਨਹੀਂ ਹੋਵੇਗੀ। ਇਸ ਤੋਂ ਇਲਾਵਾ, ਜੇ ਟਿਕਟ ਨੂੰ ਬਦਲਣਾ ਹੋਵੇ ਤਾਂ ਨਵੀਂ ਫਲਾਈਟ ਦਾ ਪ੍ਰਚਲਿਤ ਕਿਰਾਇਆ ਵਸੂਲ ਕੀਤਾ ਜਾ ਸਕਦਾ ਹੈ, ਪਰ ਕੋਈ ਵਾਧੂ ਫੀਸ ਨਹੀਂ ਲੱਗੇਗੀ।

ਪਹਿਲਾਂ ਭਾਰਤ ਵਿੱਚ ਏਅਰਲਾਈਨਾਂ ਵੱਲੋਂ ਟਿਕਟ ਰੱਦ ਕਰਨ 'ਤੇ ਭਾਰੀ ਰੱਦੀਕਰਨ ਫੀਸ ਲਗਾਈ ਜਾਂਦੀ ਸੀ, ਜੋ ਕਈ ਵਾਰ ਟਿਕਟ ਦੀ ਕੀਮਤ ਦਾ ਵੱਡਾ ਹਿੱਸਾ ਹੁੰਦੀ ਸੀ। ਖਾਸ ਕਰਕੇ ਜੇਕਰ ਯਾਤਰੀ ਨੂੰ ਅਚਾਨਕ ਯਾਤਰਾ ਰੱਦ ਕਰਨੀ ਪੈਂਦੀ ਸੀ ਤਾਂ ਉਸ ਨੂੰ ਨੁਕਸਾਨ ਹੁੰਦਾ ਸੀ। ਇਸ ਨਵੇਂ ਨਿਯਮ ਨਾਲ ਯਾਤਰੀਆਂ ਨੂੰ ਫੈਸਲਾ ਲੈਣ ਲਈ ਵਧੇਰੇ ਸਮਾਂ ਮਿਲੇਗਾ। ਉਹ ਆਪਣੀ ਯਾਤਰਾ ਦੀ ਯੋਜਨਾ ਨੂੰ ਬਿਹਤਰ ਢੰਗ ਨਾਲ ਵਿਚਾਰ ਸਕਣਗੇ ਅਤੇ ਜਰੂਰਤ ਪੈਣ 'ਤੇ ਬਿਨਾਂ ਨੁਕਸਾਨ ਦੇ ਟਿਕਟ ਰੱਦ ਕਰ ਸਕਣਗੇ। ਇਹ ਖਾਸ ਤੌਰ 'ਤੇ ਉਨ੍ਹਾਂ ਲਈ ਫਾਇਦੇਮੰਦ ਹੈ ਜੋ ਆਖਰੀ ਸਮੇਂ 'ਤੇ ਯਾਤਰਾ ਪਲੈਨ ਕਰਦੇ ਹਨ ਜਾਂ ਜਿਨ੍ਹਾਂ ਨੂੰ ਅਚਾਨਕ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ।

ਇਸ ਤੋਂ ਇਲਾਵਾ, ਡੀਜੀਸੀਏ ਨੇ ਹੋਰ ਮਹੱਤਵਪੂਰਨ ਬਦਲਾਅ ਵੀ ਕੀਤੇ ਹਨ। ਜੇਕਰ ਯਾਤਰੀ ਟਿਕਟ ਏਅਰਲਾਈਨ ਦੀ ਅਧਿਕਾਰਤ ਵੈੱਬਸਾਈਟ ਰਾਹੀਂ ਬੁੱਕ ਕਰਦਾ ਹੈ ਅਤੇ ਬੁੱਕਿੰਗ ਤੋਂ 24 ਘੰਟਿਆਂ ਦੇ ਅੰਦਰ ਨਾਮ ਵਿੱਚ ਛੋਟੀ ਜਿਹੀ ਗਲਤੀ (ਮਾਈਨਰ ਨੇਮ ਕਰੈਕਸ਼ਨ) ਦੱਸਦਾ ਹੈ ਤਾਂ ਏਅਰਲਾਈਨ ਨੂੰ ਇਸ ਲਈ ਕੋਈ ਵਾਧੂ ਫੀਸ ਨਹੀਂ ਲੈਣੀ ਚਾਹੀਦੀ। ਇਹ ਨਿਯਮ ਯਾਤਰੀਆਂ ਨੂੰ ਛੋਟੀਆਂ ਗਲਤੀਆਂ ਨੂੰ ਸਹੀ ਕਰਨ ਵਿੱਚ ਮਦਦ ਕਰੇਗਾ।

ਟਰੈਵਲ ਏਜੰਟਾਂ ਜਾਂ ਆਨਲਾਈਨ ਪੋਰਟਲਾਂ ਰਾਹੀਂ ਬੁੱਕ ਕੀਤੀਆਂ ਟਿਕਟਾਂ ਦੇ ਮਾਮਲੇ ਵਿੱਚ ਵੀ ਜ਼ਿੰਮੇਵਾਰੀ ਏਅਰਲਾਈਨਾਂ 'ਤੇ ਹੀ ਹੋਵੇਗੀ। ਏਅਰਲਾਈਨਾਂ ਨੂੰ ਯਕੀਨੀ ਬਣਾਉਣਾ ਪਵੇਗਾ ਕਿ ਰਿਫੰਡ ਪ੍ਰਕਿਰਿਆ 14 ਕੰਮਕਾਜੀ ਦਿਨਾਂ ਦੇ ਅੰਦਰ ਪੂਰੀ ਹੋ ਜਾਵੇ। ਪਹਿਲਾਂ ਰਿਫੰਡ ਵਿੱਚ ਕਈ ਹਫ਼ਤੇ ਜਾਂ ਮਹੀਨੇ ਲੱਗ ਜਾਂਦੇ ਸਨ, ਜਿਸ ਨਾਲ ਯਾਤਰੀ ਪਰੇਸ਼ਾਨ ਹੁੰਦੇ ਸਨ। ਹੁਣ ਇਸ ਸਮੇਂ-ਸੀਮਾ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ। ਸਾਰੇ ਸਟੈਚੂਟਰੀ ਟੈਕਸ ਜਿਵੇਂ ਯੂਡੀਐਫ, ਏਡੀਐਫ ਅਤੇ ਪੀਐਸਐਫ ਵੀ ਪੂਰੀ ਤਰ੍ਹਾਂ ਵਾਪਸ ਕੀਤੇ ਜਾਣਗੇ।

ਮੈਡੀਕਲ ਐਮਰਜੈਂਸੀ ਦੇ ਮਾਮਲੇ ਵਿੱਚ ਵੀ ਨਿਯਮਾਂ ਵਿੱਚ ਬਦਲਾਅ ਕੀਤੇ ਗਏ ਹਨ। ਜੇਕਰ ਯਾਤਰੀ ਜਾਂ ਉਸ ਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਅਚਾਨਕ ਬਿਮਾਰੀ ਹੋ ਜਾਵੇ ਅਤੇ ਡਾਕਟਰੀ ਸਰਟੀਫਿਕੇਟ ਨਾਲ ਸਬੂਤ ਦਿੱਤਾ ਜਾਵੇ ਤਾਂ ਰੱਦੀਕਰਨ 'ਤੇ ਵਿਸ਼ੇਸ਼ ਛੋਟ ਮਿਲ ਸਕਦੀ ਹੈ। ਇਹ ਬਦਲਾਅ ਯਾਤਰੀਆਂ ਦੀਆਂ ਮੁਸ਼ਕਲਾਂ ਨੂੰ ਸਮਝਦੇ ਹੋਏ ਕੀਤੇ ਗਏ ਹਨ।

ਇਹ ਨਵੇਂ ਨਿਯਮ ਭਾਰਤੀ ਏਅਰਲਾਈਨ ਉਦਯੋਗ ਲਈ ਵੀ ਚੁਣੌਤੀ ਪੇਸ਼ ਕਰ ਸਕਦੇ ਹਨ ਕਿਉਂਕਿ ਉਨ੍ਹਾਂ ਨੂੰ ਆਪਣੀਆਂ ਪਾਲਿਸੀਆਂ ਨੂੰ ਅਨੁਸਾਰ ਬਦਲਣਾ ਪਵੇਗਾ। ਪਰ ਯਾਤਰੀਆਂ ਦੇ ਹੱਕਾਂ ਨੂੰ ਮਜ਼ਬੂਤ ਕਰਨ ਲਈ ਇਹ ਕਦਮ ਜ਼ਰੂਰੀ ਸੀ। ਪਹਿਲਾਂ ਵੀ ਡੀਜੀਸੀਏ ਨੇ ਯਾਤਰੀਆਂ ਦੇ ਹੱਕਾਂ ਲਈ ਕਈ ਨਿਯਮ ਬਣਾਏ ਸਨ ਜਿਵੇਂ ਫਲਾਈਟ ਦੇਰੀ 'ਤੇ ਖਾਣਾ-ਪੀਣਾ ਅਤੇ ਹੋਟਲ ਦੀ ਸਹੂਲਤ, ਪਰ ਰਿਫੰਡ ਅਤੇ ਰੱਦੀਕਰਨ ਵਾਲੇ ਮੁੱਦੇ ਸਭ ਤੋਂ ਵੱਧ ਸ਼ਿਕਾਇਤਾਂ ਵਾਲੇ ਸਨ।

ਇਸ ਨਵੇਂ ਫੈਸਲੇ ਨਾਲ ਹੁਣ ਯਾਤਰੀ ਵਧੇਰੇ ਆਜ਼ਾਦੀ ਨਾਲ ਟਿਕਟ ਬੁੱਕ ਕਰ ਸਕਣਗੇ। ਜੇਕਰ ਤੁਸੀਂ ਵੀ ਅਕਸਰ ਫਲਾਈਟਾਂ ਰਾਹੀਂ ਯਾਤਰਾ ਕਰਦੇ ਹੋ ਤਾਂ ਇਹ ਨਿਯਮ ਤੁਹਾਡੇ ਲਈ ਬਹੁਤ ਫਾਇਦੇਮੰਦ ਸਾਬਤ ਹੋ ਸਕਦਾ ਹੈ। ਟਿਕਟ ਬੁੱਕ ਕਰਨ ਤੋਂ ਬਾਅਦ ਪਹਿਲੇ ਦੋ ਦਿਨ ਵਿੱਚ ਆਪਣੀ ਯਾਤਰਾ ਦੀ ਪੁਸ਼ਟੀ ਕਰ ਲਓ ਅਤੇ ਜੇਕਰ ਕੋਈ ਤਬਦੀਲੀ ਚਾਹੀਦੀ ਹੋਵੇ ਤਾਂ ਬਿਨਾਂ ਚਿੰਤਾ ਦੇ ਰੱਦ ਕਰ ਸਕਦੇ ਹੋ। ਇਹ ਬਦਲਾਅ ਭਾਰਤ ਵਿੱਚ ਹਵਾਈ ਯਾਤਰਾ ਨੂੰ ਵਧੇਰੇ ਯਾਤਰੀ-ਅਨੁਕੂਲ ਬਣਾਉਣ ਵੱਲ ਇੱਕ ਵੱਡਾ ਕਦਮ ਹੈ।

ਯਾਤਰੀਆਂ ਨੂੰ ਸਲਾਹ ਹੈ ਕਿ ਟਿਕਟ ਬੁੱਕ ਕਰਦੇ ਸਮੇਂ ਏਅਰਲਾਈਨ ਦੀ ਅਧਿਕਾਰਤ ਵੈੱਬਸਾਈਟ ਜਾਂ ਐਪ ਵਰਤੋ ਤਾਂ ਜੋ ਨਿਯਮਾਂ ਦਾ ਪੂਰਾ ਲਾਭ ਮਿਲ ਸਕੇ। ਏਜੰਟਾਂ ਰਾਹੀਂ ਬੁੱਕਿੰਗ ਕਰਨ 'ਤੇ ਵੀ ਏਅਰਲਾਈਨ ਜ਼ਿੰਮੇਵਾਰ ਹੋਵੇਗੀ, ਪਰ ਸਿੱਧੇ ਬੁੱਕਿੰਗ ਨਾਲ ਪ੍ਰਕਿਰਿਆ ਸੌਖੀ ਰਹਿੰਦੀ ਹੈ। ਇਸ ਤਰ੍ਹਾਂ ਡੀਜੀਸੀਏ ਦੇ ਇਸ ਫੈਸਲੇ ਨਾਲ ਲੱਖਾਂ ਯਾਤਰੀਆਂ ਨੂੰ ਫਾਇਦਾ ਹੋਵੇਗਾ ਅਤੇ ਹਵਾਈ ਯਾਤਰਾ ਵਧੇਰੇ ਸੁਰੱਖਿਅਤ ਅਤੇ ਸੌਖੀ ਬਣੇਗੀ।

**Cee7 NEWS** 17 ਸਾਲਾ ਵਿਦਿਆਰਥਣ ਨੇ ਬੋਰਡ ਪ੍ਰੀਖਿਆ ਦੌਰਾਨ ਸਕੂਲ ਦੇ ਬਾਥਰੂਮ ਵਿੱਚ ਬੱਚੇ ਨੂੰ ਜਨਮ ਦਿੱਤਾ

# ਮੱਧ ਪ੍ਰਦੇਸ਼ ਦੇ ਧਾਰ ਜ਼ਿਲ੍ਹੇ ਵਿੱਚ ਪੀਥਮਪੁਰ ਇਲਾਕੇ ਵਿੱਚ ਇੱਕ ਬਹੁਤ ਹੀ ਹੈਰਾਨ ਕਰਨ ਵਾਲੀ ਅਤੇ ਦੁੱਖਦ ਘਟਨਾ ਸਾਹਮਣੇ ਆਈ ਹੈ।

ਮੱਧ ਪ੍ਰਦੇਸ਼ ਦੇ ਧਾਰ ਜ਼ਿਲ੍ਹੇ ਵਿੱਚ ਪੀਥਮਪੁਰ ਇਲਾਕੇ ਵਿੱਚ ਇੱਕ ਬਹੁਤ ਹੀ ਹੈਰਾਨ ਕਰਨ ਵਾਲੀ ਅਤੇ ਦੁੱਖਦ ਘਟਨਾ ਸਾਹਮਣੇ ਆਈ ਹੈ। ਇੱਥੇ 10ਵੀਂ ਜਮਾਤ ਦੀ ਇੱਕ 17 ਸਾਲਾ ਵਿਦਿਆਰਥਣ ਨੇ ਬੋਰਡ ਪ੍ਰੀਖਿਆ ਦੌਰਾਨ ਸਕੂਲ ਦੇ ਬਾਥਰੂਮ ਵਿੱਚ ਬੱਚੇ ਨੂੰ ਜਨਮ ਦਿੱਤਾ। ਇਹ ਘਟਨਾ ਮੰਗਲਵਾਰ ਨੂੰ ਵਾਪਰੀ ਜਦੋਂ ਲੜਕੀ ਗਣਿਤ ਦਾ ਪੇਪਰ ਲਿਖ ਰਹੀ ਸੀ। ਪ੍ਰੀਖਿਆ ਸ਼ੁਰੂ ਹੋਏ ਲਗਭਗ ਦੋ ਘੰਟੇ ਬਾਅਦ ਉਸ ਨੂੰ ਬਹੁਤ ਤੇਜ਼ ਪੇਟ ਦਰਦ ਹੋਇਆ ਅਤੇ ਉਸ ਨੇ ਇੰਵਿਜੀਲੇਟਰ ਤੋਂ ਬਾਥਰੂਮ ਜਾਣ ਦੀ ਇਜਾਜ਼ਤ ਮੰਗੀ। ਜਦੋਂ ਉਹ ਲੰਮੇ ਸਮੇਂ ਤੱਕ ਵਾਪਸ ਨਹੀਂ ਆਈ ਤਾਂ ਸਟਾਫ ਨੂੰ ਸ਼ੱਕ ਹੋਇਆ। ਇੱਕ ਮਹਿਲਾ ਕਰਮਚਾਰੀ ਨੂੰ ਚੈੱਕ ਕਰਨ ਲਈ ਭੇਜਿਆ ਗਿਆ ਜਿਸ ਨੇ ਬਾਥਰੂਮ ਦਾ ਦਰਵਾਜ਼ਾ ਅੰਦਰੋਂ ਬੰਦ ਵੇਖਿਆ ਅਤੇ ਅੰਦਰੋਂ ਨਵਜੰਮੇ ਬੱਚੇ ਦੇ ਰੋਣ ਦੀ ਆਵਾਜ਼ ਸੁਣੀ। ਤੁਰੰਤ ਹੀ ਸਟਾਫ ਨੇ ਲੜਕੀ ਅਤੇ ਬੱਚੇ ਨੂੰ ਐਂਬੂਲੈਂਸ ਰਾਹੀਂ ਨੇੜਲੇ ਹਸਪਤਾਲ ਪਹੁੰਚਾਇਆ।

ਪੁਲੀਸ ਦੀ ਪ੍ਰਾਥਮਿਕ ਜਾਂਚ ਵਿੱਚ ਪਤਾ ਲੱਗਾ ਕਿ ਲੜਕੀ 34 ਹਫ਼ਤੇ (ਲਗਭਗ 8 ਮਹੀਨੇ) ਦੀ ਗਰਭਵਤੀ ਸੀ। ਹਸਪਤਾਲ ਵਿੱਚ ਡਾਕਟਰਾਂ ਨੇ ਦੱਸਿਆ ਕਿ ਲੜਕੀ ਅਤੇ ਨਵਜੰਮੇ ਬੱਚੇ ਦੀ ਹਾਲਤ ਸਥਿਰ ਹੈ ਅਤੇ ਦੋਵੇਂ ਖ਼ਤਰੇ ਤੋਂ ਬਾਹਰ ਹਨ। ਬੱਚਾ ਇੱਕ ਮੁੰਡਾ ਹੈ ਅਤੇ ਉਸ ਦਾ ਵਜ਼ਨ ਆਮ ਨਾਲੋਂ ਥੋੜ੍ਹਾ ਘੱਟ ਸੀ ਪਰ ਸਿਹਤਮੰਦ ਹੈ। ਇਸ ਘਟਨਾ ਨੇ ਸਕੂਲ ਸਟਾਫ, ਅਧਿਆਪਕਾਂ ਅਤੇ ਵਿਦਿਆਰਥੀਆਂ ਵਿੱਚ ਹੜਕੰਪ ਮਚਾ ਦਿੱਤਾ। ਪ੍ਰੀਖਿਆ ਸੈਂਟਰ ਵਿੱਚ ਮੌਜੂਦ ਸਾਰੇ ਲੋਕ ਇਸ ਘਟਨਾ ਤੋਂ ਸਦਮੇ ਵਿੱਚ ਸਨ ਕਿਉਂਕਿ ਇਹ ਬਹੁਤ ਅਚਾਨਕ ਅਤੇ ਅਸਾਧਾਰਨ ਸੀ।

ਪੁਲੀਸ ਨੇ ਲੜਕੀ ਦੇ ਬਿਆਨ ਤੇ ਪੋਕਸੋ ਐਕਟ (ਪ੍ਰੋਟੈਕਸ਼ਨ ਆਫ਼ ਚਿਲਡਰਨ ਫਰੌਮ ਸੈਕਸੁਅਲ ਆਫੈਂਸਿਜ਼ ਐਕਟ) ਤਹਿਤ ਕੇਸ ਦਰਜ ਕਰ ਲਿਆ ਹੈ। ਲੜਕੀ ਨੇ ਪੁਲੀਸ ਨੂੰ ਦੱਸਿਆ ਕਿ ਉਸ ਦੀ ਮੁਲਾਕਾਤ ਇੱਕ ਲੜਕੇ ਨਾਲ ਇੱਕ ਡਾਂਸ ਪ੍ਰੋਗਰਾਮ ਦੌਰਾਨ ਹੋਈ ਸੀ। ਉਸ ਲੜਕੇ ਨੇ ਉਸ ਨਾਲ ਜਬਰਨ ਜਿਨਸੀ ਸੰਬੰਧ ਬਣਾਏ ਅਤੇ ਬਾਰ-ਬਾਰ ਇਹ ਕੰਮ ਕੀਤਾ। ਉਸ ਨੇ ਧਮਕੀ ਦਿੱਤੀ ਸੀ ਕਿ ਜੇਕਰ ਉਹ ਕਿਸੇ ਨੂੰ ਦੱਸੇਗੀ ਤਾਂ ਉਸ ਨੂੰ ਜਾਨੋਂ ਮਾਰ ਦੇਵੇਗਾ। ਇਸੇ ਡਰ ਕਾਰਨ ਲੜਕੀ ਨੇ ਆਪਣੇ ਮਾਪਿਆਂ ਨੂੰ ਵੀ ਗਰਭ ਅਵਸਥਾ ਬਾਰੇ ਕੁਝ ਨਹੀਂ ਦੱਸਿਆ। ਉਸ ਨੇ ਆਪਣੀ ਗਰਭ ਅਵਸਥਾ ਨੂੰ ਲੁਕਾਉਣ ਲਈ ਢਿੱਲੇ ਕੱਪੜੇ ਪਾਏ ਅਤੇ ਰੋਜ਼ਾਨਾ ਸਕੂਲ ਜਾਂਦੀ ਰਹੀ। ਪਰਿਵਾਰ ਵਾਲਿਆਂ ਨੂੰ ਵੀ ਪਤਾ ਨਹੀਂ ਸੀ ਕਿ ਉਹ ਗਰਭਵਤੀ ਹੈ। ਉਹ ਸੋਚਦੇ ਸਨ ਕਿ ਉਸ ਦਾ ਵਜ਼ਨ ਵਧ ਰਿਹਾ ਹੈ ਜਾਂ ਸਿਹਤ ਸੰਬੰਧੀ ਕੋਈ ਹੋਰ ਮਸਲਾ ਹੈ।



ਬੇਟਮਾ ਪੁਲੀਸ ਨੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਦੋਸ਼ੀ ਲੜਕੇ ਨੂੰ ਜਲਦੀ ਹੀ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਘਟਨਾ ਨੇ ਸਮਾਜ ਵਿੱਚ ਬਹੁਤ ਸਾਰੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਸਕੂਲਾਂ ਅਤੇ ਪਰਿਵਾਰਾਂ ਵਿੱਚ ਲੜਕੀਆਂ ਦੀ ਸਿਹਤ ਅਤੇ ਸੁਰੱਖਿਆ ਬਾਰੇ ਜਾਗਰੂਕਤਾ ਕਿਉਂ ਨਹੀਂ ਹੈ? ਕਿਉਂ ਲੜਕੀਆਂ ਨੂੰ ਆਪਣੀਆਂ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਗੱਲ ਨਹੀਂ ਕਰਨ ਦਿੱਤੀ ਜਾਂਦੀ? ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਚਣ ਲਈ ਸੈਕਸ ਐਜੂਕੇਸ਼ਨ, ਜਾਗਰੂਕਤਾ ਕੈਂਪ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

ਇਹ ਘਟਨਾ ਨਾ ਸਿਰਫ਼ ਲੜਕੀ ਦੀ ਜ਼ਿੰਦਗੀ ਤੇ ਅਸਰ ਪਾਉਂਦੀ ਹੈ ਸਗੋਂ ਪੂਰੇ ਸਮਾਜ ਲਈ ਇੱਕ ਸਬਕ ਵੀ ਹੈ। ਲੜਕੀਆਂ ਨੂੰ ਸਿੱਖਿਆ ਦੇ ਨਾਲ-ਨਾਲ ਉਨ੍ਹਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਦਾ ਵੀ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ। ਜੇਕਰ ਉਹ ਕਿਸੇ ਮੁਸੀਬਤ ਵਿੱਚ ਹੋਵੇ ਤਾਂ ਉਨ੍ਹਾਂ ਨੂੰ ਬਿਨਾਂ ਡਰੇ ਆਪਣੇ ਮਾਪਿਆਂ ਜਾਂ ਅਧਿਆਪਕਾਂ ਨਾਲ ਗੱਲ ਕਰਨੀ ਚਾਹੀਦੀ ਹੈ। ਇਸ ਘਟਨਾ ਤੋਂ ਬਾਅਦ ਸਥਾਨਕ ਪ੍ਰਸ਼ਾਸਨ ਅਤੇ ਸਿੱਖਿਆ ਵਿਭਾਗ ਨੇ ਵੀ ਇਸ ਬਾਰੇ ਜਾਗਰੂਕਤਾ ਫੈਲਾਉਣ ਦੇ ਵਾਅਦੇ ਕੀਤੇ ਹਨ। ਉਮੀਦ ਹੈ ਕਿ ਅਜਿਹੀਆਂ ਘਟਨਾਵਾਂ ਭਵਿੱਖ ਵਿੱਚ ਨਾ ਵਾਪਰਨ ਅਤੇ ਸਾਰੇ ਬੱਚੇ ਸੁਰੱਖਿਅਤ ਮਾਹੌਲ ਵਿੱਚ ਪੜ੍ਹਾਈ ਕਰ ਸਕਣ।ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਚਣ ਲਈ ਸੈਕਸ ਐਜੂਕੇਸ਼ਨ, ਜਾਗਰੂਕਤਾ ਕੈਂਪ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

**Cee7 NEWS** ਇਹ ਘਟਨਾ ਅੰਬਾਲਾ ਕੈਂਟ ਰੇਲਵੇ ਸਟੇਸ਼ਨ ਤੇ ਵਾਪਰੀ,

# ਅੰਬਾਲਾ ਵਿੱਚ ਰੇਲਵੇ ਸੀਆਈਏ ਟੀਮ ਵੱਲੋਂ ਦੋ ਔਰਤਾਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ

**ਅੰਬਾਲਾ** ਅੰਬਾਲਾ ਵਿੱਚ ਰੇਲਵੇ ਸੀਆਈਏ ਟੀਮ ਵੱਲੋਂ ਦੋ ਔਰਤਾਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕਰਨ ਦੀ ਖ਼ਬਰ ਨੇ ਪੁਲਿਸ ਅਤੇ ਸਮਾਜ ਵਿੱਚ ਚਰਚਾ ਛੇੜ ਦਿੱਤੀ ਹੈ। ਇਹ ਘਟਨਾ ਅੰਬਾਲਾ ਕੈਂਟ ਰੇਲਵੇ ਸਟੇਸ਼ਨ ਤੇ ਵਾਪਰੀ, ਜਿੱਥੇ ਰੇਲਵੇ ਪੁਲਿਸ ਦੀ ਵਿਸ਼ੇਸ਼ ਟੀਮ ਨੇ ਸਖ਼ਤ ਚੈਕਿੰਗ ਦੌਰਾਨ ਵੱਡੀ ਮਾਤਰਾ ਵਿੱਚ ਗਾਂਜਾ ਬਰਾਮਦ ਕੀਤਾ। ਇਹ ਕਾਰਵਾਈ ਨਸ਼ੇ ਦੇ ਵਪਾਰ ਨੂੰ ਰੋਕਣ ਲਈ ਪੁਲਿਸ ਵੱਲੋਂ ਚਲਾਏ ਜਾ ਰਹੇ ਅਭਿਆਨ ਦਾ ਹਿੱਸਾ ਸੀ, ਜਿਸ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਨਸ਼ਾ ਤਸਕਰੀ ਦੇ ਨੈੱਟਵਰਕ ਵਿੱਚ ਔਰਤਾਂ ਵੀ ਸਰਗਰਮ ਹੋ ਰਹੀਆਂ ਹਨ।

ਖ਼ਬਰ ਅਨੁਸਾਰ, ਰੇਲਵੇ ਸੀਆਈਏ (ਸੈਂਟਰਲ ਇੰਟੈਲੀਜੈਂਸ ਐਂਡ ਅਪਰੇਸ਼ਨ) ਦੀ ਟੀਮ ਨੇ ਅੰਬਾਲਾ ਕੈਂਟ ਸਟੇਸ਼ਨ ਦੇ ਪਲੇਟਫਾਰਮ ਨੰਬਰ 2 ਤੋਂ 4 ਤੱਕ ਚੱਲ ਰਹੀ ਰੁਟੀਨ ਚੈਕਿੰਗ ਦੌਰਾਨ ਦੋ ਔਰਤਾਂ ਦੀਆਂ ਹਰਕਤਾਂ ਨੂੰ ਸ਼ੱਕੀ ਪਾਇਆ। ਇਹ ਔਰਤਾਂ ਤਿੰਨ ਵੱਡੇ ਬੈਗ ਅਤੇ ਇੱਕ ਪਿੱਠੂ ਬੈਗ ਨਾਲ ਸਟੇਸ਼ਨ ਤੇ ਮੌਜੂਦ ਸਨ। ਜਦੋਂ ਪੁਲਿਸ ਨੇ ਉਨ੍ਹਾਂ ਦੀ ਤਲਾਸ਼ੀ ਲਈ ਤਾਂ ਬੈਗਾਂ ਵਿੱਚੋਂ ਕੁੱਲ 55 ਕਿਲੋਗ੍ਰਾਮ 670 ਗ੍ਰਾਮ ਗਾਂਜਾ ਬਰਾਮਦ ਹੋਇਆ। ਇਹ ਮਾਤਰਾ ਬਹੁਤ ਵੱਡੀ ਹੈ ਅਤੇ ਇਸ ਨਾਲ ਨਸ਼ੇ ਦੇ ਵਪਾਰੀਆਂ ਨੂੰ ਵੱਡਾ ਝਟਕਾ ਲੱਗਿਆ ਹੈ।ਗ੍ਰਿਫਤਾਰ ਕੀਤੀਆਂ ਔਰਤਾਂ ਦੀ ਪਛਾਣ ਮਖਨੀ ਦੇਵੀ ਅਤੇ ਅੰਜਨਾ ਕੁਮਾਰੀ ਵਜੋਂ ਹੋਈ ਹੈ। ਇਹ ਦੋਵੇਂ ਬਿਹਾਰ ਦੇ ਕਟਿਹਾਰ ਜ਼ਿਲ੍ਹੇ ਦੇ ਨਵਾਬਗੰਜ ਥਾਣੇ ਅਧੀਨ ਪੁਵਾਰੀ ਟੋਲਾ ਪਿੰਡ ਦੀਆਂ ਵਾਸੀ ਹਨ। ਮਖਨੀ ਦੇਵੀ ਬਿਲਟੂ ਮੰਡਲ ਦੀ ਪਤਨੀ ਅਤੇ ਅੰਜਨਾ ਕੁਮਾਰੀ ਵਿਭਾਸ਼ ਕੁਮਾਰ ਦੀ ਪਤਨੀ ਹੈ। ਪੁਲਿਸ ਨੇ ਦੱਸਿਆ ਕਿ ਇਹ ਗਾਂਜਾ ਗੋਰਖਪੁਰ ਤੋਂ ਲਿਆਂਦਾ ਗਿਆ ਸੀ ਅਤੇ ਇਸ ਨੂੰ ਚੰਡੀਗੜ੍ਹ ਅਤੇ ਜਲੰਧਰ ਵਿੱਚ ਸਪਲਾਈ ਕੀਤਾ ਜਾਣਾ ਸੀ। ਤਸਕਰ ਇਸ ਨਸ਼ੇ ਨੂੰ ਛੋਟੀਆਂ-ਛੋਟੀਆਂ ਪੁੜੀਆਂ ਬਣਾ ਕੇ ਲੋਕਲ ਪੱਧਰ ਤੇ ਵੇਚਦੇ ਹਨ, ਜਿਸ ਨਾਲ ਨੌਜਵਾਨ ਪੀੜ੍ਹੀ ਵਿੱਚ ਨਸ਼ੇ ਦੀ ਲਤ ਫੈਲ ਰਹੀ ਹੈ।ਗ੍ਰਿਫਤਾਰ ਕੀਤੀਆਂ ਔਰਤਾਂ ਦੀ ਪਛਾਣ ਮਖਨੀ ਦੇਵੀ ਅਤੇ ਅੰਜਨਾ ਕੁਮਾਰੀ ਵਜੋਂ ਹੋਈ ਹੈ। ਇਹ ਦੋਵੇਂ ਬਿਹਾਰ ਦੇ ਕਟਿਹਾਰ ਜ਼ਿਲ੍ਹੇ ਦੇ ਨਵਾਬਗੰਜ ਥਾਣੇ ਅਧੀਨ ਪੁਵਾਰੀ ਟੋਲਾ ਪਿੰਡ ਦੀਆਂ ਵਾਸੀ ਹਨ। ਮਖਨੀ ਦੇਵੀ ਬਿਲਟੂ ਮੰਡਲ ਦੀ ਪਤਨੀ ਅਤੇ ਅੰਜਨਾ ਕੁਮਾਰੀ ਵਿਭਾਸ਼ ਕੁਮਾਰ ਦੀ ਪਤਨੀ ਹੈ। ਪੁਲਿਸ ਨੇ ਦੱਸਿਆ ਕਿ ਇਹ ਗਾਂਜਾ ਗੋਰਖਪੁਰ ਤੋਂ ਲਿਆਂਦਾ ਗਿਆ ਸੀ ਅਤੇ ਇਸ ਨੂੰ ਚੰਡੀਗੜ੍ਹ ਅਤੇ ਜਲੰਧਰ ਵਿੱਚ ਸਪਲਾਈ ਕੀਤਾ ਜਾਣਾ ਸੀ। ਤਸਕਰ ਇਸ ਨਸ਼ੇ ਨੂੰ ਛੋਟੀਆਂ-ਛੋਟੀਆਂ ਪੁੜੀਆਂ ਬਣਾ ਕੇ ਲੋਕਲ ਪੱਧਰ ਤੇ ਵੇਚਦੇ ਹਨ, ਜਿਸ ਨਾਲ ਨੌਜਵਾਨ ਪੀੜ੍ਹੀ ਵਿੱਚ ਨਸ਼ੇ ਦੀ ਲਤ ਫੈਲ ਰਹੀ ਹੈ।ਗ੍ਰਿਫਤਾਰ ਕੀਤੀਆਂ ਔਰਤਾਂ ਦੀ ਪਛਾਣ ਮਖਨੀ ਦੇਵੀ ਅਤੇ ਅੰਜਨਾ ਕੁਮਾਰੀ ਵਜੋਂ ਹੋਈ ਹੈ। ਇਹ ਦੋਵੇਂ ਬਿਹਾਰ ਦੇ ਕਟਿਹਾਰ ਜ਼ਿਲ੍ਹੇ ਦੇ ਨਵਾਬਗੰਜ ਥਾਣੇ ਅਧੀਨ ਪੁਵਾਰੀ ਟੋਲਾ ਪਿੰਡ ਦੀਆਂ ਵਾਸੀ ਹਨ। ਮਖਨੀ ਦੇਵੀ ਬਿਲਟੂ ਮੰਡਲ ਦੀ ਪਤਨੀ ਅਤੇ ਅੰਜਨਾ ਕੁਮਾਰੀ ਵਿਭਾਸ਼ ਕੁਮਾਰ ਦੀ ਪਤਨੀ ਹੈ।



**ਗ੍ਰਿਫਤਾਰ ਕੀਤੀਆਂ ਔਰਤਾਂ ਦੀ ਪਛਾਣ ਮਖਨੀ ਦੇਵੀ ਅਤੇ ਅੰਜਨਾ ਕੁਮਾਰੀ ਵਜੋਂ ਹੋਈ ਹੈ। ਇਹ ਦੋਵੇਂ ਬਿਹਾਰ ਦੇ ਕਟਿਹਾਰ ਜ਼ਿਲ੍ਹੇ ਦੇ ਨਵਾਬਗੰਜ ਥਾਣੇ ਅਧੀਨ ਪੁਵਾਰੀ ਟੋਲਾ ਪਿੰਡ ਦੀਆਂ ਵਾਸੀ ਹਨ। ਮਖਨੀ ਦੇਵੀ ਬਿਲਟੂ ਮੰਡਲ ਦੀ ਪਤਨੀ ਅਤੇ ਅੰਜਨਾ ਕੁਮਾਰੀ ਵਿਭਾਸ਼ ਕੁਮਾਰ ਦੀ ਪਤਨੀ ਹੈ। ਪੁਲਿਸ ਨੇ ਦੱਸਿਆ ਕਿ ਇਹ ਗਾਂਜਾ ਗੋਰਖਪੁਰ ਤੋਂ ਲਿਆਂਦਾ ਗਿਆ ਸੀ ਅਤੇ ਇਸ ਨੂੰ ਚੰਡੀਗੜ੍ਹ ਅਤੇ ਜਲੰਧਰ ਵਿੱਚ ਸਪਲਾਈ ਕੀਤਾ ਜਾਣਾ ਸੀ। ਤਸਕਰ ਇਸ ਨਸ਼ੇ ਨੂੰ ਛੋਟੀਆਂ-ਛੋਟੀਆਂ ਪੁੜੀਆਂ ਬਣਾ ਕੇ ਲੋਕਲ ਪੱਧਰ ਤੇ ਵੇਚਦੇ ਹਨ, ਜਿਸ ਨਾਲ ਨੌਜਵਾਨ ਪੀੜ੍ਹੀ ਵਿੱਚ ਨਸ਼ੇ ਦੀ ਲਤ ਫੈਲ ਰਹੀ ਹੈ।ਇਹ ਕਾਰਵਾਈ ਹਰਿਆਣਾ ਰੇਲਵੇ ਪੁਲਿਸ ਲਈ ਵੱਡੀ ਸਫਲਤਾ ਮੰਨੀ ਜਾ ਰਹੀ ਹੈ। ਰੇਲਵੇ ਸਟੇਸ਼ਨਾਂ ਤੇ ਨਸ਼ਾ ਤਸਕਰੀ ਅਕਸਰ ਵੱਡੇ ਪੱਧਰ ਤੇ ਹੁੰਦੀ ਹੈ ਕਿਉਂਕਿ ਰੇਲ ਗੱਡੀਆਂ ਰਾਹੀਂ ਨਸ਼ਾ ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ ਆਸਾਨੀ ਨਾਲ ਭੇਜਿਆ ਜਾਂਦਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਐਨਡੀਪੀਐੱਸ ਐਕਟ ਤਹਿਤ ਕੇਸ ਦਰਜ ਕੀਤਾ ਹੈ ਅਤੇ ਦੋਵਾਂ ਔਰਤਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ 3 ਮਾਰਚ 2026 ਤੱਕ ਪੁਲਿਸ ਰਿਮਾਂਡ ਤੇ ਲਿਆ ਗਿਆ ਹੈ। ਰਿਮਾਂਡ ਦੌਰਾਨ ਪੁਲਿਸ ਇਨ੍ਹਾਂ ਤੋਂ ਪੁੱਛਗਿੱਛ ਕਰੇਗੀ ਕਿ ਇਸ ਨਸ਼ੇ ਦਾ ਸੋਰਸ ਕਿਹੜਾ ਹੈ, ਇਸ ਨੈੱਟਵਰਕ ਵਿੱਚ ਹੋਰ ਕੌਣ-ਕੌਣ ਸ਼ਾਮਲ ਹੈ ਅਤੇ ਇਹ ਖੇਪ ਕਿਸ ਤਰ੍ਹਾਂ ਬਣਾਈ ਗਈ ਸੀ।**

**ਅਜਿਹੀਆਂ ਕਾਰਵਾਈਆਂ ਨੂੰ ਵਧਾਉਣ ਲਈ ਰੇਲਵੇ ਸਟੇਸ਼ਨਾਂ ਤੇ ਵਧੇਰੇ ਸੀਸੀਟੀਵੀ ਕੈਮਰੇ, ਸਨਿਫਰ ਕੁੱਤੇ ਅਤੇ ਇੰਟੈਲੀਜੈਂਸ ਨੈੱਟਵਰਕ ਮਜ਼ਬੂਤ ਕਰਨ ਦੀ ਲੋੜ ਹੈ।**

ਇਹ ਕਾਰਵਾਈ ਹਰਿਆਣਾ ਰੇਲਵੇ ਪੁਲਿਸ ਲਈ ਵੱਡੀ ਸਫਲਤਾ ਮੰਨੀ ਜਾ ਰਹੀ ਹੈ। ਰੇਲਵੇ ਸਟੇਸ਼ਨਾਂ ਤੇ ਨਸ਼ਾ ਤਸਕਰੀ ਅਕਸਰ ਵੱਡੇ ਪੱਧਰ ਤੇ ਹੁੰਦੀ ਹੈ ਕਿਉਂਕਿ ਰੇਲ ਗੱਡੀਆਂ ਰਾਹੀਂ ਨਸ਼ਾ ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ ਆਸਾਨੀ ਨਾਲ ਭੇਜਿਆ ਜਾਂਦਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਐਨਡੀਪੀਐੱਸ ਐਕਟ ਤਹਿਤ ਕੇਸ ਦਰਜ ਕੀਤਾ ਹੈ ਅਤੇ ਦੋਵਾਂ ਔਰਤਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ 3 ਮਾਰਚ 2026 ਤੱਕ ਪੁਲਿਸ ਰਿਮਾਂਡ ਤੇ ਲਿਆ ਗਿਆ ਹੈ। ਰਿਮਾਂਡ ਦੌਰਾਨ ਪੁਲਿਸ ਇਨ੍ਹਾਂ ਤੋਂ ਪੁੱਛਗਿੱਛ ਕਰੇਗੀ ਕਿ ਇਸ ਨਸ਼ੇ ਦਾ ਸੋਰਸ ਕਿਹੜਾ ਹੈ, ਇਸ ਨੈੱਟਵਰਕ ਵਿੱਚ ਹੋਰ ਕੌਣ-ਕੌਣ ਸ਼ਾਮਲ ਹੈ ਅਤੇ ਇਹ ਖੇਪ ਕਿਸ ਤਰ੍ਹਾਂ ਬਣਾਈ ਗਈ ਸੀ।

ਨਸ਼ਾ ਤਸਕਰੀ ਦੇ ਇਸ ਮਾਮਲੇ ਨੇ ਇੱਕ ਵਾਰ ਫਿਰ ਸਾਹਮਣੇ ਲਿਆਂਦਾ ਹੈ ਕਿ ਨਸ਼ੇ ਦੇ ਵਪਾਰ ਵਿੱਚ ਔਰਤਾਂ ਦੀ ਭੂਮਿਕਾ ਵਧ ਰਹੀ ਹੈ। ਅਕਸਰ ਤਸਕਰ ਔਰਤਾਂ ਨੂੰ ਵਰਤਦੇ ਹਨ ਕਿਉਂਕਿ ਉਨ੍ਹਾਂ ਦੀ ਤਲਾਸ਼ੀ ਲੈਣ ਵਿੱਚ ਪੁਲਿਸ ਨੂੰ ਕੁਝ ਸਾਵਧਾਨੀ ਵਰਤਣੀ ਪੈਂਦੀ ਹੈ ਅਤੇ ਉਹ ਆਸਾਨੀ ਨਾਲ ਸ਼ੱਕ ਤੋਂ ਬਚ ਜਾਂਦੀਆਂ ਹਨ। ਪਰ ਇਸ ਵਾਰ ਰੇਲਵੇ ਸੀਆਈਏ ਟੀਮ ਦੀ ਸੁਚੇਤਤਾ ਕਾਰਨ ਵੱਡੀ ਖੇਪ ਪਕੜੀ ਗਈ। ਇਸ ਤੋਂ ਇਲਾਵਾ, ਇਹ ਵੀ ਸਾਹਮਣੇ ਆਇਆ ਹੈ ਕਿ ਨਸ਼ਾ ਮੁੱਖ ਤੌਰ ਤੇ ਉੱਤਰ-ਪੂਰਬੀ ਖੇਤਰਾਂ ਤੋਂ ਆਉਂਦਾ ਹੈ ਅਤੇ ਫਿਰ ਪੰਜਾਬ, ਹਰਿਆਣਾ, ਚੰਡੀਗੜ੍ਹ ਵਰਗੇ ਖੇਤਰਾਂ ਵਿੱਚ ਪਹੁੰਚਦਾ ਹੈ।

ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਨਸ਼ੇ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਅਤੇ ਅਜਿਹੀਆਂ ਕਾਰਵਾਈਆਂ ਜਾਰੀ ਰਹਿਣਗੀਆਂ। ਸਮਾਜ ਵਿੱਚ ਵੀ ਨਸ਼ੇ ਵਿਰੁੱਧ ਜਾਗਰੂਕਤਾ ਫੈਲਾਉਣ ਦੀ ਲੋੜ ਹੈ ਤਾਂ ਜੋ ਨੌਜਵਾਨ ਇਸ ਬੁਰਾਈ ਤੋਂ ਬਚ ਸਕਣ। ਇਸ ਘਟਨਾ ਨੇ ਸਥਾਨਕ ਲੋਕਾਂ ਵਿੱਚ ਵੀ ਚਿੰਤਾ ਪੈਦਾ ਕੀਤੀ ਹੈ ਕਿਉਂਕਿ ਨਸ਼ਾ ਸਿਰਫ਼ ਵਿਅਕਤੀ ਨੂੰ ਨਹੀਂ ਸਗੋਂ ਪੂਰੇ ਪਰਿਵਾਰ ਅਤੇ ਸਮਾਜ ਨੂੰ ਤਬਾਹ ਕਰਦਾ ਹੈ।

**Top News** ਵਿਸ਼ਵ ਸਾਹਿਤਿਕ ਸਿਤਾਰੇ ਮੰਚ ਤਰਨ ਤਾਰਨ ਪੰਜਾਬ ਵੱਲੋਂ

# ਚੋਹਲਾ ਸਾਹਿਬ ਦੇ ਸ਼ਹੀਦ ਬਾਬਾ ਸੁੱਚਾ ਸਿੰਘ ਯਾਦਗਾਰੀ ਹਾਲ ਵਿੱਚ ਸ਼ਾਨਦਾਰ ਕਵੀ ਦਰਬਾਰ ਅਤੇ ਪੁਸਤਕ ਲੋਕ ਅਰਪਨ ਸਾਮਰੋਹ ਕਰਵਾਇਆ ਗਿਆ

ਚੋਹਲਾ ਸਾਹਿਬ 27 ਫਰਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)
ਵਿਸ਼ਵ ਸਾਹਿਤਿਕ ਸਿਤਾਰੇ ਮੰਚ ਤਰਨ ਤਾਰਨ ਪੰਜਾਬ ਵੱਲੋਂ ਚੋਹਲਾ ਸਾਹਿਬ ਦੇ ਸ਼ਹੀਦ ਬਾਬਾ ਸੁੱਚਾ ਸਿੰਘ ਯਾਦਗਾਰੀ ਹਾਲ ਵਿੱਚ ਸ਼ਾਨਦਾਰ ਕਵੀ ਦਰਬਾਰ ਅਤੇ ਪੁਸਤਕ ਲੋਕ ਅਰਪਨ ਸਾਮਰੋਹ ਕਰਵਾਇਆ ਗਿਆ ਇਸ ਪ੍ਰੋਗਰਾਮ ਵਿੱਚ ਰਾਜਵਿੰਦਰ ਸਿੰਘ ਰਾਜ ਗੱਡੂ ਪ੍ਰਧਾਨ ਅੰਤਰਰਾਸ਼ਟਰੀ ਸਾਹਿਤਕ ਸੱਥ ਮੁੱਖ ਮਹਿਮਾਨ ਦੇ ਤੌਰ ਤੇ ਆਪਣੀ ਸਮੁੱਚੀ ਟੀਮ ਸਮੇਤ ਸ਼ਾਮਿਲ ਹੋਏ ਪ੍ਰੋਗਰਾਮ ਦੇ ਮੁੱਖ ਆਕਰਸ਼ਨ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਦੇ ਸੰਚਾਲਕ ਬਹਾਦਰ ਸਿੰਘ ਜੀ ਗੋਸਲ ਸਨ ਇਹਨਾਂ ਦੋਨਾਂ ਮਹਾਨ ਹਸਤੀਆਂ ਦੇ ਨਾਲ ਨਾਲ ਜਗਤਾਰ ਸਿੰਘ ਯੋਗ ਭੂਪਿੰਦਰ ਸਿੰਘ ਭਾਗੋਮਾਜਰੀ ,ਰਜਿੰਦਰ ਧੀਮਾਨ ਜੀ ਅਤੇ ਮਹਾਨ ਸ਼ਖਸ਼ੀਅਤ ਸੋਨੂ ਜੀ ਵੀ ਇਹਨਾਂ ਦੇ ਨਾਲ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ ,ਪੰਜਾਬ ਸਾਹਿਤਕ ਮੰਚ ਜਲੰਧਰ ਦੇ ਸੰਚਾਲਕ ਕੁ◌ਲਵਿੰਦਰ ਸਿੰਘ ਗਾਖਲ ਜੀ ਨੇ ਇਹਨਾਂ ਸਾਰੇ ਹੀ ਪਹੁੰਚੇ ਹੋਏ ਨੁਮਾਇੰਦਿਆਂ ਨੂੰ ਪ੍ਰੋਗਰਾਮ ਵਿੱਚ ਜੀ ਆਇਆ ਕਿਹਾ ਅਤੇ ਹਰਜਿੰਦਰ ਸਿੰਘ ਜਿੰਦੀ ਜੀ ਨੇ ਪੰਜਾਬ ਦੇ ਲਿਖਾਰੀ ਚੈਨਲ ਦੇ ਮਾਧਿਅਮ ਦੁਆਰਾ ਪ੍ਰੋਗਰਾਮ ਦਾ ਲਾਈਵ ਟੈਲੀਕਾਸਟ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਹੋਏ ਪੰਜਾਬੀਆਂ ਤੱਕ ਆਪਣੇ ਚੈਨਲ ਰਾਹੀਂ ਪੁੱਜਦਾ ਕੀਤਾ ਨਾਨਕ ਚੰਦ ਵਿਰਲੀ ਕਨਵੀਨਰ ਵਿਸ਼ਵ ਸਾਹਤਿਕ ਸਿਤਾਰੇ ਮੰਚ ਅਤੇ ਅਵਤਾਰ ਸਿੰਘ ਗੋਇੰਦਵਾਲ ਜੀ ਦਾ ਮੰਚ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਬਹਾਦਰ ਸਿੰਘ ਗੋਸਲ ਸਾਹਿਬ ਨੂੰ ਮਹਾਮਾਨਵ ਪੁਰਸਕਾਰ ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨਤਾਰਨ ਪੰਜਾਬ ਵੱਲੋਂ ਪ੍ਰਦਾਨ ਕੀਤਾ ਗਿਆ ਯਾਦ ਰਹੇ ਕਿ ਬਹਾਦਰ ਸਿੰਘ ਗੋਸਲ ਸਾਹਿਬ ਨੇ ਹੁਣ ਤੱਕ ਆਪਣੇ ਸਾਹਿਤਿਕ ਸਫਰ ਦੌਰਾਨ 120 ਪੁਸਤਕਾਂ ਲਿਖ ਕੇ ਵਰਲਡ ਰਿਕਾਰਡ ਕਾਇਮ ਕੀਤਾ ਹੈ ਅਤੇ ਇਹ ਸਾਰੀਆਂ ਹੀ ਪੁਸਤਕਾਂ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀਆਂ ਪਹਿਰੇਦਾਰ ਹਨ ਰਾਜਵਿੰਦਰ ਸਿੰਘ ਰਾਜ ਗੱਡੂ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਹਨਾਂ ਦੀ ਪੂਰੀ ਟੀਮ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ ਮੱਖਣ ਭੈਣੀ ਵਾਲਾ ਸਕੱਤਰ ਸਿੰਘ ਪੁ◌ਰੇਵਾਲ ਦਲਜੀਤ ਸਿੰਘ ਬੂਟਾ ਗੁਲਾਮੀ ਵਾਲਾ ਰਕੇਸ਼ ਸਚਦੇਵਾ ਜਨਰਲ ਸੈਕਟਰੀ ਵਿਸ਼ਵ ਸਾਹਿਤਕ ਸਿਤਾਰੇ ਮੰਚ ਤੇ ਰਘਬੀਰ ਸਿੰਘ ਆਨੰਦ ਚੇਅਰਮੈਨ ਵਿਸ਼ਵ ਸਾਹਿਤਕ ਸਿਤਾਰੇ ਮੰਚ ਦਾ ਵਿਸ਼ੇਸ਼ ਤੌਰ ਤੇ ਮੰਚ ਵੱਲੋਂ ਸਨਮਾਨ ਕੀਤਾ ਗਿਆ ਸੁਖਵਿੰਦਰ ਖਾਰਾ ਦੀ ਪੁਸਤਕ ਪਿੰਡ ਖਾਰਾ ਦਾ ਇਤਿਹਾਸ ਲੋਕ ਅਰਪਣ ਕੀਤੀ ਗਈ ਹਰ ਦਰਸ਼ਨ ਕਮਲ ਬਲਬੀਰ ਸਿੰਘ ਬੇਲੀ ਬਲਬੀਰ ਸਿੰਘ ਲਹਿਰੀ ਵੱਸਣ ਸਿੰਘ ਨੰਬਰਦਾਰ ਮਾਸਟਰ ਕਸ਼ਮੀਰ ਸਿੰਘ ਰਜਵੰਤ ਸਿੰਘ ਬਾਗੜੀਆਂ ਸੰਤੋਖ ਸਿੰਘ ਨੁਸ਼ਿਹਰਾ ਪੰਨੂਆਂ ਕਾਰਜ ਸਿੰਘ ਆਮ ਆਦਮੀ ਅਤੇ ਹੋਰ ਵੀ ਪਿੰਡ ਖਾਰਾ ਅਤੇ ਆਸ ਪਾਸ ਦੇ ਪਤਵੰਤਿਆਂ ਨੇ ਇਸ ਪ੍ਰੋਗਰਾਮ ਵਿੱਚ ਭਾਗ ਲਿਆ ਅਤੇ ਸਭ ਪਤਵੰਤਿਆਂ ਨੂੰ ਮੰਚ ਵੱਲੋਂ ਉਹਨਾਂ ਦਾ ਬਣਦਾ ਸਨਮਾਨ ਪ੍ਰਦਾਨ ਕੀਤਾ ਗਿਆ ਰੇਡੀਓ ਟੀਵੀ ਆਰਟਿਸਟ ਮੱਖਣ ਭੈਣੀ ਵਾਲਾ ਨੇ ਆਪਣਾ ਬਹੁਤ ਹੀ ਮਕਬੂਲ ਗੀਤ ਨਾ ਕੰਮ ਨਬੇੜੇ ਹਾਣ ਦਿਆ ਕਾਂਡੀ ਰਹੇਂ ਖੜਕਾਉਂਦਾ ਗਾ ਕੇ ਸਰੋਤਿਆਂ ਕੋਲੋਂ ਖੂਬ ਵਾਹਵਾ ਖੱਟੀ ਅਤੇ ਇਸ ਮੌਕੇ ਤੇ ਭਿੰਦੇ ਖਾਰੇ ਵਾਲੇ ਨੇ ਵੀ ਪਾਲੀ ਦੇਤਵਾਲੀਏ ਦਾ ਗੀਤ ਗਾ ਕੇ ਤਾੜੀਆਂ ਦੀ ਗੜਗਾਹਟ ਆਪਣੇ ਨਾਮ ਕਰ ਲਈ ਇਸ ਪੂਰੇ ਪ੍ਰੋਗਰਾਮ ਦੀ ਕਵਰਿੰਗ ਪਰਮਿੰਦਰ ਸਿੰਘ ਚੋਹਲਾ ਪ੍ਰੈਸ ਅਤੇ ਪ੍ਰਚਾਰ ਸਕੱਤਰ ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨ ਤਰਨ ਪੰਜਾਬ, ਬੂਟਾ ਗੁਲਾਮੀ ਵਾਲਾ ,ਪੰਜਾਬ ਦੇ ਲਿਖਾਰੀ ਚੈਨਲ ,ਅਤੇ ਭੁਪਿੰਦਰ ਸਿੰਘ ਭਾਗੋ ਮਾਜਰੀ ਨੇ ਬੜੀ ਮਿਹਨਤ ਤੇ ਲਗਨ ਨਾਲ ਕੀਤੀ ,ਪੂਰੇ ਪ੍ਰੋਗਰਾਮ ਦੌਰਾਨ ਚਾਹ ਪਕੌੜਿਆਂ ਦਾ ਲੰਗਰ ਅਟੁੱਟ ਵਰਤਦਾ ਰਿਹਾ ਯਾਦ ਰਹੇ ਕਿ ਵਿਸ਼ਵ ਸਾਹਿਤਿਕ ਸਿਤਾਰੇ ਮੰਚ ਵੱਲੋਂ ਸਮੇਂ ਸਮੇਂ ਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾਏ ਜਾਂਦੇ ਹਨ ਅਤੇ ਇਹਨਾਂ ਪ੍ਰੋਗਰਾਮਾਂ ਦੌਰਾਨ ਉਹ ਉੱਘੇ ਲੇਖਕਾਂ ਨੂੰ ਸਨਮਾਨ ਦੇ ਕੇ ਨਿਵਾਜ਼ਦੇ ਰਹਿੰਦੇ ਹਨ ਇਸ ਸ਼ਾਨਦਾਰ ਪ੍ਰੋਗਰਾਮ ਵਿੱਚ 40 ਦੇ ਕਰੀਬ ਸਹਿਤਕਾਰਾਂ ਅਤੇ ਪਤਵੰਤਿਆਂ ਨੂੰ ਸਨਮਾਨ ਦੇਣ ਦੇ ਨਾਲ ਨਾਲ ਸਾਹਿਤਕ ਸਿਤਾਰੇ ਮੰਚ ਵੱਲੋਂ ਸਨਮਾਨਤ ਹੋਣ ਵਾਲੀਆਂ ਸ਼ਖਸ਼ੀਅਤਾਂ ਦੀ ਗਿਣਤੀ 250 ਤੋਂ ਵੱਧ ਗਈ ਹੈ ਆਪਣੇ ਇੱਕ ਹੀ ਸਾਲ ਦੇ ਕਾਰਜਕਾਲ ਦੌਰਾਨ ਵਿਸ਼ਵ ਸਾਹਿਤਕ ਸਿਤਾਰੇ ਮੰਚ ਵੱਲੋਂ ਮਾਰੀਆਂ ਗਈਆਂ ਵੱਡੀਆਂ ਮੱਲਾਂ ਦੀ ਇਹ ਇੱਕ ਅੱਖੋਂ ਪਰੋਖੇ ਨਾ ਕਰਨ ਵਾਲੀਆਂ ਗਤੀਵਿਧੀਆਂ ਵਿੱਚੋਂ ਅਹਿਮ ਪਾਰਟ ਹੈ ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨ ਤਰਨ



ਪੰਜਾਬ ਦੇ ਸੰਚਾਲਕ ਸ੍ਰੀ ਹਰਭਜਨ ਭਗਰੱਥ ਜੀ ਨੇ ਦੱਸਿਆ ਕਿ ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨ ਤਰਨ ਪੰਜਾਬ ਵਿਚਲਾ ਇੱਕ ਨਿਵੇਕਲਾ ਮੰਚ ਹੈ ਜਿਸ ਦੀਆਂ ਪੈੜਾਂ ਨਾਲ ਪੈੜ ਮਿਲਾ ਕੇ ਚੱਲਣਾ ਆਮ ਸਾਹਿਤਕ ਸਭਾਵਾਂ ਦੇ ਵੱਸਦਾ ਰੋਗ ਨਹੀਂ ਹੈ ਪੰਜਾਬ ਸਾਹਿਤਕ ਮੰਚ ਜਲੰਧਰ ਊੜਾ ਐੜਾ ਈੜੀ ਅਦਬੀ ਕਿਰਨਾ ਬਠਿੰਡਾ ਅੰਤਰਰਾਸ਼ਟਰੀ ਸਾਹਿਤਕ ਸੱਥ ਚੰਡੀਗੜ੍ਹ ਅਤੇ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ,ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨ ਤਾਰਨ ਪੰਜਾਬ ਦੇ ਹਾਣ ਦੀਆਂ ਸਾਹਿਤਕ ਸਭਾਵਾਂ ਹਨ ਅਤੇ ਇਹਨਾਂ ਸਾਰੀਆਂ ਹੀ ਸਾਹਿਤ ਸਭਾਵਾਂ ਦਾ ਇੱਕ ਹੀ ਮੁੱਖ ਮੰਤਵ ਹੈ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨੂੰ ਬਹਾਲ ਰੱਖਣਾ ਅਤੇ ਵਧੀਆ ਲਿੱਖ ਰਹੇ ਪੰਜਾਬੀ ਲੇਖਕਾਂ ਨੂੰ ਹੱਲਾਸ਼ੇਰੀ ਦੇਣਾ ਆਉਣ ਵਾਲੇ ਸਮੇਂ ਵਿੱਚ ਵੀ ਮੰਚ ਵੱਲੋਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਜਾਰੀ ਰਹਿਣਗੀਆਂ ਅਤੇ ਸਾਹਿਤਕਾਰਾਂ ਨੂੰ ਇਸ ਮੰਚ ਤੋਂ ਉਹਨਾਂ ਦਾ ਬਣਦਾ ਸਨਮਾਨ ਮਿਲਦਾ ਰਹੇਗਾ ਅੰਤ ਵਿੱਚ ਸੁਖਵਿੰਦਰ ਖਾਰਾ ਵੱਲੋਂ ਆਏ ਹੋਏ ਸਾਰੇ ਹੀ ਮਹਿਮਾਨਾਂ ਨੂੰ ਜੀ ਆਇਆ ਕਿਹਾ ਗਿਆ ਅਤੇ ਪ੍ਰੋਗਰਾਮ ਆਪਣੀਆਂ ਅੱਮਿਟ ਯਾਦਾਂ ਛੱਡਦਾ ਹੋਇਆ ਸਮੇਂ ਸਿਰ ਸੰਪੰਨ ਹੋ ਗਿਆ ਖਾਰਾ ਪਿੰਡ ਨਿਵਾਸੀਆਂ ਵੱਲੋਂ ਇਸ ਸ਼ਾਨਦਾਰ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਵਿਸ਼ਵ ਸਾਹਿਤਕ ਸਿਤਾਰੇ ਮੰਚ ਵੱਲੋਂ ਭਵਿੱਖ ਵਿੱਚ ਇਸ ਤਰ੍ਹਾਂ ਦੇ ਹੋਰ ਪ੍ਰੋਗਰਾਮ ਆਪਣੇ ਪਿੰਡ ਵਿੱਚ ਕਰਵਾਉਣ ਲਈ ਕਾਮਨਾ ਕੀਤੀ ਗਈ ਇਸ ਮੌਕੇ ਤੇ ਸੁਖਵਿੰਦਰ ਖਾਰੇ ਦੀ ਖਾਰਾ ਪਿੰਡ ਦਾ ਇਤਿਹਾਸ ਪੁਸਤਕ ਤੋਂ ਇਲਾਵਾ ਹਰਨੰਦ ਸਿੰਘ ਬੱਲਿਆਂਵਾਲੀ ਦੀ ਪੁਸਤਕ ਭਗਤ ਸਿੰਘ ਦੀਆਂ ਪੈੜਾਂ ਅਤੇ ਗੁਰਮੀਤ ਸਿੰਘ ਭੋਪਾਲ ਦੀ ਪੁਸਤਕ ਰੋਕੇ ਰੁਕੇ ਨਾ ਸਵੇਰਾ ਅਤੇ ਅਵਤਾਰ ਸਿੰਘ ਭੈਣੀ ਬਾਘੇ ਵਾਲੇ ਦੀ ਪੁਸਤਕ ਆਨੰਦ ਤੋਂ ਸਰਹੰਦ ਤੱਕ ਅਤੇ ਕੁਝ ਹੋਰ ਮਿਆਰੀ ਪੁਸਤਕਾਂ ਪਾਠਕਾਂ ਦੀ ਕਚਹਿਰੀ ਵਿੱਚ ਲੋਕ ਅਰਪਣ ਕੀਤੀਆਂ ਗਈਆਂ । ।

## ਕਰਮੂਵਾਲਾ ਵਿਖੇ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਹਸਪਤਾਲ ਦੀ ਪੁਨਰ ਆਰੰਭਤਾ



*ਮੰਡ ਖੇਤਰ ਦੀਆਂ ਸੰਗਤਾਂ ਨੂੰ ਲੋੜੀਦੀਆਂ ਸਿਹਤ ਸੇਵਾਵਾਂ ਦੀ ਮਿਲੇਗੀ ਸਹੂਲਤ - ਡਾਕਟਰ ਨਰਿੰਦਰਪਾਲ ਸਿੰਘ*

ਚੋਹਲਾ ਸਾਹਿਬ 27 ਫਰਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)
ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਤਾਰਾ ਸਿੰਘ ਜੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਚਰਨ ਸਿੰਘ ਜੀ ਦੇ ਸੇਵਾਕਾਲ ਦੌਰਾਨ ਕਰਮੂਵਾਲਾ ਵਿਖੇ ਇੱਕ ਹਸਪਤਾਲ ਖੋਲਿਆ ਗਿਆ ਸੀ, ਜੋ ਇਲਾਕੇ ਭਰ ਲਈ ਵੱਡੀ ਸਿਹਤ ਸੇਵਾ ਵਜੋਂ ਚੱਲਦਾ ਰਿਹਾ। ਕੁਝ ਸਮੇਂ ਤੋਂ ਇਹ ਹਸਪਤਾਲ ਡਾਕਟਰ ਸਾਹਿਬਾਨ ਦੀ ਘਾਟ ਕਾਰਨ ਬੰਦ ਕਰ ਦਿੱਤਾ ਗਿਆ ਸੀ। ਇਸ ਹਸਪਤਾਲ ਵਿੱਚ ਸੇਵਾ ਨਿਭਾਉਣ ਵਾਲੇ ਡਾਕਟਰ ਨਰਿੰਦਰਪਾਲ ਸਿੰਘ ਜੀ ਨੇ ਸੰਤ ਬਾਬਾ ਸੁੱਖਾ ਸਿੰਘ ਜੀ ਪਾਸ ਪਹੁੰਚ ਕਰਕੇ ਆਪਣੀਆਂ ਸੇਵਾਵਾਂ ਦੁਬਾਰਾ ਆਰੰਭ ਕਰਨ ਲਈ ਪੇਸ਼ਕਸ਼ ਕੀਤੀ ਤਾਂ ਬਾਬਾ ਜੀ ਨੇ ਆਗਿਆ ਦੇ ਕੇ ਇਸ ਹਸਪਤਾਲ ਦੀ ਪੁਨਰ ਆਰੰਭਤਾ ਕਰਵਾਈ ਹੈ। ਮੰਡ ਖੇਤਰ ਦੇ ਪਿੰਡ ਕਰਮੂਵਾਲਾ ਵਿਖੇ ਇਸ ਹਸਪਤਾਲ ਦੇ ਦੁਬਾਰਾ ਚਾਲੂ ਹੋ ਜਾਣ ਨਾਲ ਇਲਾਕੇ ਨੂੰ ਲੋੜੀਦੀਆਂ ਸਿਹਤ ਸੇਵਾਵਾਂ ਦੀ ਸਹੂਲਤ ਦਾ ਵੱਡਾ ਲਾਭ ਮਿਲੇਗਾ। ਇਸ ਮੌਕੇ ਸਮੂਹ ਇਲਾਕੇ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਅਤੇ ਸੰਤ ਬਾਬਾ ਹਾਕਮ ਸਿੰਘ ਜੀ ਦਾ ਧੰਨਵਾਦ ਕੀਤਾ ਗਿਆ। ਅੱਜ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਇਸ ਹਸਪਤਾਲ ਦੀ ਮੁੜ ਆਰੰਭਤਾ ਕਰਵਾਈ। ਇਸ ਮੌਕੇ ਸੰਗਤ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬ ਜਥੇਦਾਰ ਗੁਰਬਚਨ ਸਿੰਘ ਕਰਮੂਵਾਲਾ, ਬੰਟੀ ਸੇਠ ਪਾਨਾਗੜ੍ਹ, ਅੰਮ੍ਰਿਤ ਸਿੰਘ ਮਹਿਤਾ, ਸੰਨੀ ਸੰਧੂ ਤੇ ਮਨੀਸ਼ਾ ਸੰਧੂ (ਐਡਮੰਟਨ ਅਲਬਰਟਾ ), ਡਾ. ਨਰਿੰਦਰਪਾਲ ਸਿੰਘ, ਬਲਵਿੰਦਰ ਸਿੰਘ, ਦਇਆ ਸਿੰਘ ਚੋਹਲਾ, ਜਥੇਦਾਰ ਹਰਬੰਸ ਸਿੰਘ, ਜਥੇਦਾਰ ਬਿੱਕਰ ਸਿੰਘ, ਜਥੇਦਾਰ ਪਰਵਿੰਦਰ ਸਿੰਘ ਘੜਕਾ, ਜਥੇਦਾਰ ਕਾਬਲ ਸਿੰਘ ਘੜਕਾ, ਜਥੇਦਾਰ ਹਰੀ ਸਿੰਘ ਰੱਤੋਕੇ, ਜਥੇਦਾਰ ਪ੍ਰਿਤਪਾਲ ਸਿੰਘ ਭਾਈ ਅਤੇ ਹੋਰ ਕਈ ਪਤਵੰਤੇ ਹਾਜ਼ਰ ਸਨ।

## ਖ਼ਾਲਸਾ ਕਾਲਜ ਚੋਹਲਾ ਸਾਹਿਬ ਵਿਖੇ ਭਵਿੱਖ ਲਈ ਰੁਜ਼ਗਾਰ ਯੋਗਤਾ ਦੇ ਹੁਨਰ ਵਿਸ਼ੇ ਤੇ ਸੈਮੀਨਾਰ



*ਆਈ.ਸੀ.ਟੀ ਅਕੈਡਮੀ, ਤਾਮਿਲਨਾਡੂ ਦੇ ਨਾਲ ਹੋਏ ਐਮ ਓ ਯੂ ਤਹਿਤ ਉਦਯੋਗ ਅਕਾਦਮਿਕ ਸਹਿਯੋਗ ਨੂੰ ਮਜ਼ਬੂਤ ਕਰਦਿਆਂ ਸੈਮੀਨਾਰ ਦਾ ਆਯੋਜਨ ਕੀਤਾ ਗਿਆ।*

ਚੋਹਲਾ ਸਾਹਿਬ 27 ਫਰਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ ਵਿਖੇ ਪ੍ਰਿੰਸੀਪਲ ਡਾ: ਹਰਮਨਦੀਪ ਸਿੰਘ ਦੀ ਯੋਗ ਅਗਵਾਈ ਹੇਠ ਆਈ.ਸੀ.ਟੀ ਅਕੈਡਮੀ, ਤਾਮਿਲਨਾਡੂ ਦੇ ਨਾਲ ਹੋਏ ਐਮ ਓ ਯੂ ਤਹਿਤ ਉਦਯੋਗ ਅਕਾਦਮਿਕ ਸਹਿਯੋਗ ਨੂੰ ਮਜ਼ਬੂਤ ਕਰਦਿਆਂ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਇੰਡਸਟਰੀ ਦੇ ਪ੍ਰੋਫੈਸ਼ਨਲ ਟਰੇਨਰ ਅਤੇ ਬੀਬੀਸੀ ਆਈਟੀ ਸਰਵਿਸਿਸ ਦੇ ਸੀ.ਈ.ਓ. ਸ਼੍ਰੀ ਵਿਵੇਕ ਮਹਾਜਨ ਜੀ ਨੇ ਆਨਲਾਈਨ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਵਿਦਿਆਰਥੀਆਂ ਨਾਲ ਕਮਿਊਨੀਕੇਸ਼ਨ ਸਕਿਲਸ, ਇੰਪਲਾਇਬਿਲਟੀ ਸਕਿਲਸ ਅਤੇ ਰੁਜ਼ਗਾਰ ਦੇ ਮੌਕਿਆਂ ਸਬੰਧੀ ਵਿਸ਼ੇਸ਼ ਨੁਕਤੇ ਸਾਂਝੇ ਕੀਤੇ। ਇਸ ਸੈਮੀਨਾਰ ਦਾ ਉਦੇਸ਼ ਵਿਦਿਆਰਥੀਆਂ ਨੂੰ ਨੌਕਰੀ ਸਬੰਧੀ ਇੰਟਰਵਿਊ ਲਈ ਤਿਆਰ ਕਰਨਾ ਸੀ। ਵਾਕਤਾਵਾਂ ਨੇ ਦੱਸਿਆ ਕਿ ਅੱਜ ਦੇ ਮੁਕਾਬਲੇ ਭਰੇ ਯੁਗ ਵਿੱਚ ਨੌਕਰੀ ਲੈਣ ਲਈ ਕੇਵਲ ਅਕਾਦਮਿਕ ਯੋਗਤਾ ਹੀ ਕਾਫੀ ਨਹੀਂ ਸਗੋਂ ਚੰਗੀ ਕਮਿਊਨੀਕੇਸ਼ਨ ਸਕਿਲਜ, ਵਿਸ਼ਵਾਸ, ਟੀਮ ਵਰਕ, ਸਮੱਸਿਆ ਹੱਲ ਕਰਨ ਦੀ ਯੋਗਤਾ ਅਤੇ ਲੀਡਰਸ਼ਿਪ ਗੁਣ ਬਹੁਤ ਜਰੂਰੀ ਹਨ। ਉਹਨਾਂ ਨੇ ਇੰਟਰਵਿਊ ਦੀ ਤਿਆਰੀ, ਰਜਿਊਮ ਬਣਾਉਣ ਦੀ ਵਿਧੀ ਤੇ ਗਰੁੱਪ ਡਿਸਕਸ਼ਨ ਵਿੱਚ ਸਫਲ ਹੋਣ ਦੇ ਤਰੀਕਿਆਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਰੁਜ਼ਗਾਰ ਦੇ ਮੌਕੇ ਪ੍ਰਾਪਤ ਕਰਨ ਦੇ ਲਈ ਉਹਨਾਂ ਨੂੰ ਆਪਣੇ ਹੁਨਰਾਂ ਨੂੰ ਨਿਖਾਰਨਾ ਚਾਹੀਦਾ ਹੈ ਤੇ ਸਮੇਂ-ਸਮੇਂ ਤੇ ਟ੍ਰੇਨਿੰਗ ਪ੍ਰੋਗਰਾਮਾਂ ਵਿੱਚ ਭਾਗ ਲੈਣਾ ਚਾਹੀਦਾ ਹੈ। ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਤੇ ਆਪਣੇ ਸਵਾਲ ਪੁੱਛੇ ਜਿਨਾਂ ਦੇ ਵਕਤਾ ਵੱਲੋਂ ਪ੍ਰਭਾਵਸ਼ਾਲੀ ਉੱਤਰ ਦਿੱਤੇ ਗਏ। ਅੰਤ ਵਿੱਚ ਕਾਲਜ ਦੇ ਕੰਪਿਊਟਰ ਵਿਭਾਗ ਦੇ ਮੁਖੀ ਅਤੇ ਪਲੇਸਮੈਂਟ ਕੋਆਡੀਨੇਟਰ ਪ੍ਰੋਫੈਸਰ ਹਿੰਮਤ ਸਿੰਘ ਨੇ ਕਿਹਾ ਕਿ ਇਹੋ ਜਿਹੀ ਜਾਣਕਾਰੀ ਪੂਰਨ ਅਤੇ ਪ੍ਰੇਰਿਕ ਕਾਰਜਕਰਮ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਬਣਾਉਣ ਵਿੱਚ ਮਦਦਗਾਰ ਸਾਬਤ ਹੁੰਦੇ ਹਨ। ਉਹਨਾਂ ਨੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾਉਣ ਦਾ ਵਿਸ਼ਵਾਸ ਦਿਵਾਇਆ। ਉਨ੍ਹਾਂ ਆਈ.ਸੀ.ਟੀ. ਅਕੈਡਮੀ ਦੇ ਪੰਜਾਬ ਸਟੇਟ ਕੋਡੀਨੇਟਰ ਸ੍ਰੀ ਲਵਤੇਸ਼ ਕੁਮਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿੰਨ੍ਹਾ ਦੇ ਸਹਿਯੋਗ ਸੱਦਕਾ ਇਸ ਪ੍ਰੋਗਰਾਮ ਦਾ ਸਫਲਤਾਪੂਰਵਕ ਆਯੋਜਨ ਹੋ ਸੱਕਿਆ। ਇਸ ਮੌਕੇ ਤੇ ਕਾਲਜ ਦਾ ਸਮੂਹ ਸਟਾਫ ਤੇ ਨਾਨ ਟੀਚਿੰਗ ਸਟਾਫ ਵੀ ਮੌਜੂਦ ਸੀ।

# ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ

ਸਰਹਾਲੀ ESTD. 1970

ਸਰਹਾਲੀ, ਜ਼ਿਲ੍ਹਾ : ਤਰਨ ਤਾਰਨ (ਪੰਜਾਬ) 143410

Website : ggskcsarhali.ac.in E-mail : ggscollegesarhali@yahoo.co.in

For Free Registration : Scan QR Code using WhatsApp Camera

ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣ ਲਈ ਇਸ ਕਾਲਜ ਦੀ ਸਥਾਪਨਾ 1970 ਵਿਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਸੀ। ਉਹਨਾਂ ਤੋਂ ਬਾਅਦ ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਚਰਨ ਸਿੰਘ ਜੀ ਇਸ ਕਾਲਜ ਦੇ ਸਰਪ੍ਰਸਤ ਬਣੇ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪੋਸਟ-ਗ੍ਰੈਜੂਏਟ ਪੱਧਰ ਤੱਕ ਦੇ ਕੋਰਸ ਚੱਲ ਰਹੇ ਹਨ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਪੰਜਾਬ ਤੋਂ ਮਾਨਤਾ ਪ੍ਰਾਪਤ ਗ੍ਰਾਂਟ-ਇਨ-ਏਡ-ਸਕੀਮ ਅਧੀਨ ਪੰਜਾਬ ਸਰਕਾਰ ਅਤੇ ਯੂ.ਜੀ.ਸੀ (ਭਾਰਤ ਸਰਕਾਰ) ਤੋਂ ਸਹਾਇਤਾ ਪ੍ਰਾਪਤ ਕੋ-ਐਜੂਕੇਸ਼ਨਲ ਕਾਲਜ ਹੈ।

## ਸੈਸ਼ਨ 2025-26 ਲਈ ਰਜਿਸਟ੍ਰੇਸ਼ਨ ਅਤੇ ਦਾਖ਼ਲਾ ਸ਼ੁਰੂ

10+1, 10+2 (ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ)

❖ B.A. ❖ B.C.A. ❖ M.Com. ❖ P.G.D.C.A.
❖ B.Sc. (N.M.) ❖ B.Com. ❖ M.A. (Pbi.) ❖ D.C.A.
❖ B.Sc. (C.Sc.) ❖ B.Sc. (Eco.) ❖ M.Sc. (IT) ❖ D.S.T.

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਕੋਰਸ

❖ B.C.A. ❖ M.A. (Pbi.) ❖ D.I.T. ❖ D.F.D.
❖ B.Com. ❖ M.A. (Eng.) ❖ M.Sc. (C.Sc.) ❖ C.G.S.T.
❖ B.B.A. ❖ M.C.A. ❖ M.B.A.
❖ Diploma in Care Giver (Old Age Care)
❖ Diploma in Nanny Care (Early Childhood Care)

ਵਿਸ਼ੇਸ਼ ਸਹੂਲਤਾਂ

❖ ਦਸਵੀਂ/ਬਾਰਵੀਂ ਚੋਂ 90% ਤੋਂ ਵਧੇਰੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 25% ਤੱਕ ਫ਼ੀਸ ਵਿੱਚ ਛੋਟ ਦਿੱਤੀ ਜਾਵੇਗੀ।
❖ ਇੱਕੋ ਪਰਿਵਾਰ ਦੇ ਸਕੇ ਭੈਣ ਭਰਾ ਨੂੰ ਫ਼ੀਸ ਵਿਚ ਵਿਸ਼ੇਸ਼ ਰਿਆਇਤ।
❖ ਅਨੁਸੂਚਿਤ ਸ਼੍ਰੇਣੀ (S.C.) ਦੇ ਯੋਗ ਵਿਦਿਆਰਥੀਆਂ ਨੂੰ ਪੰਜਾਬ/ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਵਜ਼ੀਫ਼ੇ ਦੀ ਸਹੂਲਤ।
❖ ਗ਼ੈਰ ਸਰਕਾਰੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਵੱਲੋਂ ਵਿਦਿਆਰਥੀਆਂ ਲਈ ਵਜ਼ੀਫ਼ੇ/ਆਰਥਿਕ ਸਹਾਇਤਾ ਦੀ ਸਹੂਲਤ।
❖ N.C.C., N.S.S., Gym, ਬੁੱਕਸ਼ਾਪ, ਕੈਫ਼ੇਟੇਰੀਆ ਅਤੇ ਖੇਡਾਂ ਦੀ ਵਿਸ਼ੇਸ਼ ਸਹੂਲਤ। ਉੱਚ ਯੋਗਤਾ ਪ੍ਰਾਪਤ, ਤਜ਼ਰਬੇਕਾਰ ਅਤੇ ਮੇਹਨਤੀ ਸਟਾਫ਼।

ਸ. ਹਰਜਿੰਦਰ ਸਿੰਘ (ਆਨਰੇਰੀ ਸਕੱਤਰ) (ਮੋ): 98781-70700

Helpline No. : 95011-03467, 98780-68015, 94179-36759, 81469-99004

ਡਾ. ਜਸਬੀਰ ਸਿੰਘ ਗਿੱਲ (ਪ੍ਰਿੰਸੀਪਲ) (ਮੋ): 95017-46500



ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ

# ਗੁਰੂ ਅਰਜਨ ਦੇਵ ਖਾਲਸਾ ਕਾਲਜ

ਚੋਹਲਾ ਸਾਹਿਬ, ਜ਼ਿਲ੍ਹਾ ਤਰਨ ਤਾਰਨ


ਸ੍ਰ. ਹਰਜਿੰਦਰ ਸਿੰਘ ਧਾਮੀ ਪ੍ਰਧਾਨ, ਸ਼੍ਰੋ. ਗੁ. ਪ੍ਰਬੰਧਕ ਕਮੇਟੀ


ਜਥੇ. ਗੁਰਬਚਨ ਸਿੰਘ ਕਰਮੂੰਵਾਲਾ ਮੈਂਬਰ ਸ਼੍ਰੋ. ਗੁ. ਪ੍ਰਬੰਧਕ ਕਮੇਟੀ

Courses Offered
Post Graduation : • M.Sc. (Comp. Sci.) • M.Com.
Graduation : • BCA • B.Sc.(IT) • B.Sc. (Comp. Sci.) • B.Sc. (Eco.) • B.Sc. (N.Med.) • BBA • B.Com. • B.A.
Diploma : • DCA • PGDCA • DST
ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ

10+1 & 10+2
Medical, Non-Medical, Commerce and Arts
ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ

• Diploma in Artificial Intelligence
• Diploma in Cyber Security
• Certification Course in Digital Marketing
• Certification Course in Nanny Care

Affiliated to Jagat Guru Nanak Dev Punjab State Open University, Patiala

ਵਿਸ਼ੇਸ਼ਤਾਵਾਂ
→ ਬਹੁਤ ਘੱਟ ਫ਼ੀਸਾਂ ਅਤੇ ਵੱਧ ਸਹੂਲਤਾਂ
→ ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼
→ ਕੌਮਾਂਤਰੀ ਪੱਧਰ ਦੇ ਖੇਡ ਮੈਦਾਨ
→ ਅਤਿ-ਅਧੁਨਿਕ ਕੰਪਿਊਟਰ, ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਲੈਬ
→ ਅਨੁਸੂਚਿਤ ਜਾਤੀ ਘੱਟ ਗਿਣਤੀ ਵਿਦਿਆਰਥੀਆਂ ਲਈ ਵਜ਼ੀਫਾ
→ ਵਿਦਿਆਰਥੀਆਂ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਤੋਂ ਆਏ ਵਿਦਿਆਰਥੀਆਂ, ਸਕੇ ਭੈਣ-ਭਰਾ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਫੀਸਾਂ ਵਿਚ ਵਿਸ਼ੇਸ਼ ਰਿਆਇਤ

ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਖ਼ਾਸ ਵਜ਼ੀਫਾ
10+1 ਅਤੇ 10+2 : 5000/- ਰੁਪਏ
ਗ੍ਰੈਜੂਏਸ਼ਨ ਕੋਰਸ : 8000/- ਰੁਪਏ
ਪੋਸਟ ਗ੍ਰੈਜੂਏਸ਼ਨ ਕੋਰਸ : 10000/- ਰੁਪਏ


# ਦਿਵਿਆਂਗ ਐਕਸ਼ਨ ਕਮੇਟੀ ਨੇ ਇੱਕ ਮਾਰਚ ਨੂੰ ਫਗਵਾੜਾ ਵਿਖੇ ਰੋਸ਼ ਪ੍ਰਦਰਸ਼ਨ ਕਰਨ ਦਾ ਕੀਤਾ ਐਲਾਨ



ਜਾਣਕਾਰੀ ਦਿੰਦੇ ਹੋਏ ਸੂਬਾ ਪ੍ਰਧਾਨ ਲਖਬੀਰ ਸਿੰਘ ਸੈਣੀ।

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ 26 ਫਰਵਰੀ

ਆਮ ਆਦਮੀ ਪਾਰਟੀ ਦੇ ਕਾਰਜਕਾਲ ਦੇ ਚਾਰ ਸਾਲ ਹੋ ਗਏ ਹਨ ਪ੍ਰੰਤੂ ਅੰਗਹੀਣ ਵਿਧਵਾ ਬੁੱਢਾਪਾ ਪੈਨਸ਼ਨਰਾਂ ਨਾਲ਼ ਚੋਣਾਂ ਦੌਰਾਨ ਕੀਤੇ 2500/ ਰੁਪਏ ਮਹੀਨਾ ਵਿੱਤੀ ਸਹਾਇਤਾ ਦੀ ਗਰੰਟੀ ਨੂੰ ਅਜੇ ਤੱਕ ਵੀ ਪੂਰੀ ਨਹੀਂ ਹੋਈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਦਿਵਿਆਂਗ ਐਕਸ਼ਨ ਕਮੇਟੀ ਦੇ ਸੂਬਾ ਪ੍ਰਧਾਨ ਲਖਵੀਰ ਸਿੰਘ ਸੈਣੀ, ਜ਼ਿਲ੍ਹਾ ਪ੍ਰਧਾਨ ਤਰਨਤਾਰਨ ਗੁਰਪ੍ਰੀਤ ਸਿੰਘ ਗਿੱਲ, ਸਟੇਟ ਕਮੇਟੀ ਮੈਂਬਰ ਗੁਰਵੇਲ ਸਿੰਘ ਪੱਧਰੀ ਕਲਾਂ, ਜਨਰਲ ਸਕੱਤਰ ਲਖਬੀਰ ਚੱਕ ਸਿਕੰਦਰ, ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਗੁਰਿੰਦਰ ਢਿੱਲੋਂ, ਇਸਤਰੀ ਵਿੰਗ ਦੀ ਸੂਬਾ ਪ੍ਰਧਾਨ ਸ੍ਰੀਮਤੀ ਦਵਿੰਦਰ ਕੌਰ ਫਗਵਾੜਾ, ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਬਲਵਿੰਦਰ ਸਿੰਘ ਨਿੱਝਰ, ਜ਼ਿਲ੍ਹਾ ਪ੍ਰਧਾਨ ਲੁਧਿਆਣਾ ਕੁਲਦੀਪ ਸਿੰਘ ਆਦਿ ਨੇ ਕਰਦਿਆਂ ਕਿਹਾ ਕਿ ਬੀਤੇ ਚਾਰ ਸਾਲਾਂ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਿਵਿਆਂਗਾ ਦੀ ਸਿਰਮੌਰ ਜਥੇਬੰਦੀ ਨਾਲ਼ ਮੀਟਿੰਗ ਲਈ ਸਮਾਂ ਨਹੀਂ ਦਿੱਤਾ।ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਅੰਗਹੀਣ ਭਲਾਈ ਐਕਟ 2016 ਤੇ ਨੌਕਰੀਆਂ ਦਾ 4% ਬੈਕਲਾਗ, ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਦਿਵਿਆਂਗ ਵਿਅਕਤੀਆਂ ਨੂੰ ਅਣਗੌਲਿਆ ਕਰਨਾ ਆਦਿ ਗੰਭੀਰ ਮੁੱਦਿਆ ਨੂੰ ਪੂਰਾ ਨਹੀਂ ਕੀਤਾ ਗਿਆ ਜਿਸਦੇ ਰੋਸ਼ ਵਜੋਂ ਸੂਬਾ ਪੱਧਰੀ ਰੋਸ਼ ਰੈਲੀ ਇੱਕ ਮਾਰਚ ਨੂੰ ਫਗਵਾੜਾ ਵਿਖੇ ਕੀਤੀ ਜਾਵੇਗੀ। ਸੈਣੀ ਨੇ ਕਿਹਾ ਕਿ ਸਰਕਾਰ ਦੀ ਅੰਗਹੀਣ ਵਰਗ ਸਬੰਧੀ ਬੇਰੁਖੀ ਦੇ ਕਾਰਨ ਹੀ ਅੰਗਹੀਣ ਵਿਅਕਤੀਆਂ ਨੂੰ ਸੜਕਾਂ ਤੇ ਉਤਰਨ ਲਈ ਮਜਬੂਰ ਕੀਤਾ ਗਿਆ ਹੈ।


MSM CONVENT SCHOOL
DHUN ROAD, CHOHLA SAHIB, DISTT. TARN TARAN

Affiliated to CBSE New Delhi

ADMISSION OPEN




PLAYWAY TO XII
• Medical • Non-Medical
• Commerce • Arts Stream

*Age criteria as on 31st March
Playway : 2+ Years
Nursery : 3 to 4 Years
LKG : 4 to 5 Years
UKG : 5 to 6 Years

FREE ADMISSION IN PLAYWAY NURSERY & LKG for First 50 seats only

• Digital & Smart School • Parent's Orientation
• Emphasis on Creativity, Innovation, Public Speaking & Theatre
• Extensive Sports facilities like Cricket, Basketball, Kabaddi, Wrestling, Badminton, Football, Chess etc.
• FAP State Award for best sports facilities
• FAP National Award for budget-friendly School
• Holistic Development through Experiential Learning

50% Off IN ADMISSION CHARGES FOR ALL CLASSES for First 50 seats only

For Career opportunity : msmconventschool@gmail.com

Limited Seats Available
So Hurry Up! Call Now : 8288073538
msmconventschool@gmail.com
www.msmconventschool.com



Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com


# ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਧਰਮੀ**

ਧਰਮ ਮਤਲਬ ਹੱਕ ਸੱਚ। ਧਰਮੀ,ਜੋ ਧਰਮ ਕਮਾਵੇ। ਧਰਮ ਦਾ ਧਾਰਨੀ ਹੋਵੇ। ਧਰਮ ਜ਼ਿੰਦਗੀ 'ਚ ਸਦਾਚਾਰਤਾ ਲਿਆਉਂਦੈ ਵਰਨਾ ਤਾਂ ਪਾਖੰਡ। ਆਓ, ਖੁੱਦ ਅੰਦਰ ਝਾਤੀ ਮਾਰੋ॥

ਧਰਮੀ ਪਾਖੰਡ ਤੇ ਆਡੰਬਰ ਤੋਂ ਰਹਿਤ, ਸਿੱਧਾ ਸਾਦਾ ਜੀਵਨ ਜਿਉਣ ਵਾਲਾ, ਭੱਦਰ ਪੁਰਸ਼ ਹੁੰਦੈ। ਆਦਰਸ਼ਾਂ ਭਰੀ ਜ਼ਿੰਦਗੀ ਦਾ ਆਲੰਬੜਦਾਰ॥

ਧਰਮੀ ਮੰਗਦਾ ਨਹੀਂ। ਵੰਡਦੈ ! ਖੁਸ਼ੀਆਂ,ਖੇੜੇ, ਸ਼ਾਂਤੀ, ਵਿਸ਼ਵਾਸ, ਸੰਜ਼ਮ, ਪਿਆਰ, ਸਤਿਕਾਰ ਆਦਿ। ਸਾਥੀ ਉਹਦੀ ਉਦਾਹਰਨ ਦੇਣ 'ਚ ਮਾਨ ਮਹਿਸੂਸ ਕਰਨ॥

**ਜੋੜ ਤੋੜ**

ਜ਼ਿੰਦਗੀ ਦਾ ਜੋੜ ਤੋੜ ਸੁਆਰਥੀ ਲੀਹਾਂ ਨਾ ਬਣੇ ਤਾਂ ਕਰੋ ਕੁੱਝ ਅਜਿਹਾ ਕਿ ਲੋਕ ਤੁਹਾਡੇ ਆਦਰਸ਼ਾਂ ਨਾਲ ਦਿਲੋਂ ਜੁੜਦੇ ਜਾਣ॥ ਨਜ਼ਰ ਮਾਰੋ। ਅਨੇਕਾ ਧਨੰਤਰ ਜੋੜ ਤੋੜ ਕਰਦਿਆਂ ਵੱਡਾ ਸਰਮਾਇਆ 'ਕੱਠਾ ਕਰ ਪਿਛਲੇ ਪਹਿਰੇ ਪਛਤਾਵੇ ਦੀ ਦਲ ਦਲ 'ਚ ਧਸਦੇ ਜਾਂਦੇ ਨੇ। ਆਓ! ਅਕਲ ਨੂੰ ਹੱਥ ਮਾਰੀਏ॥ ਗਣਿਤ ਦੇ ਜੋੜ ਨਾਲੋਂ ਜ਼ਿੰਦਗੀ ਦੀ ਖੁਸ਼ਹਾਲੀ ਦਾ ਜੋੜ ਤੋੜ ਕਰਨਾ ਆਉਣਾ ਅਤਿ ਜਰੂਰ ਹੁੰਦੈ। ਸਕੂਨ, ਸ਼ਾਂਤੀ ਤੇ ਆਨੰਦ ਜੀਵਨ ਦੇ ਜੋੜ ਤੋੜ ਰਾਹੀਂ ਹੀ ਮਿਲਣਾ ਹੈ॥

ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।



## ਸ਼ੇਰੋਂ ਖੰਡ ਮਿੱਲ ਲਈ ਸਾਂਤਮਈ ਕਰ ਰਹੇ ਆਗੂਆਂ ਨੂੰ ਕੀਤਾ ਜਾਵੇ ਰਿਹਾਅ-ਮਾਣੋਚਾਹਲ

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ 27 ਫਰਵਰੀ

ਕੁੱਲ ਹਿੰਦ ਕਿਸਾਨ ਸਭਾ ਬ੍ਰਾਂਚ ਮਾਨੋਚਾਹਲ ਵੱਲੋਂ ਸਯੁੰਕਤ ਕਿਸਾਨ ਮੋਰਚਾ ਦੇ ਸੱਦੇ ਤੇ ਪਿੰਡ ਮਾਨੋਚਾਹਲ ਅੱਡੇ ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ।ਇਸ ਵਿੱਚ ਸ਼ੇਰੋਂ ਖੰਡ ਮਿੱਲ ਚਾਲੂ ਕਰਾਉਣ ਲਈ ਦਿੱਤੇ ਜਾ ਰਹੇ ਧਰਨੇ ਤੋਂ ਕਿਸਾਨਾਂ ਦੀ ਗ੍ਰਿਫ਼ਤਾਰੀ ਵਿਰੁੱਧ ਇਹ ਐਕਸ਼ਨ ਕੀਤਾ ਗਿਆ।

ਇਸ ਮੌਕੇ ਇਕੱਤਰ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਸਭਾ ਦੇ ਮੀਤ ਸਕੱਤਰ ਸੁਖਦੇਵ ਸਿੰਘ ਮਾਨੋਚਾਹਲ, ਸਥਾਨਿਕ ਆਗੂ ਜੋਗਾ ਸਿੰਘ, ਅਰਜਿੰਦਰ ਸਿੰਘ,ਵੀਰ ਸਿੰਘ, ਸੁੱਖਾ ਸਿੰਘ ਨੇ ਕਿਹਾ ਕਿ ਬਹੁਤ ਸਾਲ ਪਹਿਲਾਂ ਪਿੰਡ ਸ਼ੇਰੋਂ ਦੀ ਇੱਕ ਸੌ ਏਕੜ ਜ਼ਮੀਨ ਬਹੁਤ ਸਸਤੇ ਰੇਟ ਤੇ ਲੈਕੇ ਖੰਡ ਮਿੱਲ ਚਾਲੂ ਕੀਤੀ ਗਈ ਸੀ।ਇਸ ਮਿੱਲ ਨੇ ਲਗਾਤਾਰ ਸਰਕਾਰ ਨੂੰ ਮੁਨਾਫਾ ਦਿੱਤਾ। ਜਦੋਂ ਮਿੱਲ ਬੰਦ ਕੀਤੀ ਗਈ ਉਦੋਂ ਵੀ ਮੁਨਾਫ਼ੇ ਵਿੱਚ ਸੀ। ਤਰਨ ਤਾਰਨ ਜ਼ਿਲ੍ਹੇ ਦੇ ਕਿਸਾਨਾਂ ਨੂੰ ਇਸਦਾ ਕਾਫ਼ੀ ਫਾਇਦਾ ਸੀ। ਉਨ੍ਹਾਂ ਕਿਹਾ ਕੇ ਮਜ਼ਦੂਰ ਪਰਿਵਾਰਾਂ ਨੂੰ ਵੀ ਗੰਨਾ ਖੇਤਾਂ ਚੋਂ ਕੱਟਣ ਤੋਂ ਲੈ ਕੇ ਮਿੱਲ ਦੀ ਢੋਆ ਢੁਆਈ ਅਤੇ ਖੰਡ ਬਣਨ ਤੱਕ ਕੰਮ ਮਿਲਦਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਤਰਨ ਤਾਰਨ ਜ਼ਿਲ੍ਹੇ ਵਿੱਚ ਖੇਤੀ ਅਧਾਰਿਤ ਸਿਰਫ਼ ਤੇ ਸਿਰਫ਼ ਇਹ ਇੱਕੋ ਇੱਕ ਮਿੱਲ ਸੀ। ਮੌਜੂਦਾ ਸਰਕਾਰ ਨੇ ਚੋਣਾਂ ਸਮੇਂ ਵਾਅਦਾ ਕੀਤਾ ਸੀ ਕਿ ਇਹ ਮਿੱਲ ਮੁੜ ਸ਼ੁਰੂ ਕੀਤੀ ਜਾਵੇਗੀ। ਪਰ ਹੁਣ ਕਿਸਾਨਾਂ ਦੀ ਸਲਾਹ ਬਿਨਾਂ ਇਸਦੀ ਕੀਮਤੀ ਜ਼ਮੀਨ ਘੱਟੇ ਕੌਡੀਆਂ ਕੀਤੀ ਜਾ ਰਹੀ ਹੈ। ਯਾਦ ਰਹੇ ਕਿ ਇਸ ਮਿੱਲ ਵਿੱਚ ਸੱਠ ਫ਼ੀਸਦੀ ਹਿੱਸੇਦਾਰੀ ਕਿਸਾਨਾਂ ਦੀ ਹੈ, ਜਿਹਨਾਂ ਨੂੰ ਪੁੱਛਿਆ ਨਹੀਂ ਜਾ ਰਿਹਾ।

ਇਸ ਮੌਕੇ ਕਿਸਾਨ ਆਗੂਆਂ ਮੰਗ ਕੀਤੀ ਕਿ ਗ੍ਰਿਫ਼ਤਾਰ ਕਿਸਾਨ ਤੁਰੰਤ ਰਿਹਾਅ ਕੀਤੇ ਜਾਣ।ਇਹ ਖੰਡ ਮਿੱਲ ਮੁੜ ਚਾਲੂ ਕਰਕੇ ਸਰਕਾਰ ਆਪਣਾ ਵਾਅਦਾ ਪੂਰਾ ਕਰੇ।



## ਸੰਯੁਕਤ ਕਿਸਾਨ ਮੋਰਚੇ ਆਗੂਆਂ ਨੂੰ ਜਬਰੀ ਜੇਲ੍ਹ ਵਿੱਚ ਬੰਦ ਕਰਨ ਦੇ ਵਿਰੋਧ 'ਚ ਕੀਤਾ ਰੋਸ ਪ੍ਰਦਰਸਨ

### ਆਗੂਆਂ ਤੇ ਕੀਤੇ ਨਜਾਇਜ਼ ਪਰਚੇ ਰੱਦ ਨਾ ਕੀਤੇ ਤਾ ਸੰਘਰਸ਼ ਜਾਰੀ ਰਹੇਗਾ- ਢਿਲੋਂ

(ਗੁਰਪ੍ਰੀਤ ਸਿੰਘ ਕੱਦ ਗਿੱਲ)
ਤਰਨਤਾਰਨ, 27 ਫਰਵਰੀ

ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਗਰਿੱਡ ਸਬ ਸਟੇਸ਼ਨ ਇੰਪਲਾਈਜ ਯੂਨੀਅਨ, ਪੈਨਸ਼ਨ ਵੈਲਫੇਅਰ ਫੈਡਰੇਸ਼ਨ, ਪੈਨਸ਼ਨ ਯੂਨੀਅਨ ਏਟਕ ਸਾਂਝੇ ਸੱਦੇ ਤੇ ਖੰਡ ਮਿੱਲ ਸ਼ੇਰੋਂ (ਤਰਨਤਾਰਨ) ਦੀ ਜਮੀਨ ਦੀ ਮਾਲਕੀ ਪੁੱਡਾ ਨੂੰ ਤਬਦੀਲ ਕਰਨ ਦੇ ਵਿਰੋਧ ਵਿੱਚ ਸੰਯੁਕਤ ਕਿਸਾਨ ਮੋਰਚੇ ਅਤੇ ਹੋਰ ਸੰਘਰਸ਼ੀ ਜਥੇਬੰਦੀਆਂ ਵਲੋਂ ਕੀਤੇ ਜਾ ਰਹੇ ਸ਼ਾਂਤਮਈ ਰੋਸ ਧਰਨੇ ਵਿੱਚ ਸ਼ਾਮਿਲ ਆਗੂਆਂ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਕਨਵੀਨਰ ਸਾਥੀ ਗੁਰਪ੍ਰੀਤ ਸਿੰਘ ਗੰਡੀ ਵਿੰਡ ਅਤੇ ਕਿਸਾਨ ਆਗੂਆਂ ਦੀ ਪੁਲਿਸ ਵਲੋਂ ਕੀਤੀ ਗਈ ਨਜਾਇਜ਼ ਗ੍ਰਿਫਤਾਰੀ ਦੇ ਵਿਰੋਧ ਵਿੱਚ ਸਥਾਨਕ ਸਰਕਲ ਤਰਨ ਤਾਰਨ ਰੋਸ ਰੈਲੀ ਕੀਤੀ ਗਈ। ਇਸ ਰੈਲੀ ਵਿੱਚ ਉਚੇਚੇ ਤੌਰ ਤੇ ਇੰਪਲਾਈਜ ਫੈਡਰੇਸ਼ਨ ਪਹਿਲਵਾਨ ਦੇ ਸੂਬਾ ਪ੍ਰਧਾਨ ਗੁਰਭੇਜ ਸਿੰਘ ਢਿੱਲੋਂ ਇੰਪਲਾਈਜ ਫੈਡਰੇਸ਼ਨ ਏਟਕ ਦੇ ਸਰਕਲ ਪ੍ਰਧਾਨ ਕੁਲਵਿੰਦਰ ਸਿੰਘ ਬਾਗੜੀਆਂ ਪੂਰਨਦਾਸ ਕੁਲਵਿੰਦਰ ਸਿੰਘ , ਲਖਵਿੰਦਰ ਸਿੰਘ ਬਹਿਲਾ , ਪਲਵਿੰਦਰ ਸਿੰਘ ਫਤਿਆਬਾਦ ਜਸਬੀਰ ਕੌਰ ਰੀਤੂ ਗੁਪਤਾ, ਇੰਜ.ਬਲਜਿੰਦਰ ਸਿੰਘ ਗਿੱਲ, ਦਿਲਬਾਗ ਸਿੰਘ ਰੰਧਾਵਾ,ਨਰਿੰਦਰ ਸਿੰਘ, ਬੇਦੀ ਸੇਠੀ ਸਾਹਿਬ, ਜੈ ਸ਼ਰਮਾ ਪੈਨਸ਼ਨ ਆਗੂ ,ਤਾਰਾ ਸਿੰਘ ਖਹਿਰਾ, ਪੈਨਸ਼ਨਰ ਸੂਬਾ ਆਗੂ ਸਿਮਰਨਜੀਤ ਸਿੰਘ ਲੇਖਾਕਾਰ, ਮੈਡਮ ਕਵਲਜੀਤ ਕੌਰ, ਧਨਵੰਤ ਸਿੰਘ ਰੰਧਾਵਾ, ਕਰਮ ਸਿੰਘ ਗੌਰਮਿੰਟ ਟੀਚਰ ਪੈਨਸ਼ਨ ਯੂਨੀਅਨ ਸਿੰਘ ਦੁੱਮਣ ਤੋਂ ਇਲਾਵਾ ਸੈਂਕੜੇ ਕਰਮਚਾਰੀ ਨੇ ਰੋਸ ਜਾਹਿਰ ਕਰਦਿਆ ਦੱਸਿਆ ਕਿ ਕਿਸਾਨ ਜਥੇਬੰਦੀਆਂ ਅਤੇ ਸਾਥੀ ਗੁਰਪ੍ਰੀਤ ਸਿੰਘ ਗੰਡੀ ਵਿੰਡ ਦੀ ਪੁਲਿਸ ਵੱਲੋਂ ਕੀਤੀ ਗਈ ਨਾਜਾਇਜ਼ ਗ੍ਰਿਫਤਾਰੀ ਦੀ ਅਸੀਂ ਨਿੰਦਾ ਕਰਦੇ ਹਾਂ ਸਰਕਾਰ ਵੱਲੋਂ ਕੀਤਾ ਗਿਆ ਇਹ ਕੰਮ ਜਮਹੂਰੀਅਤ ਵਿਰੋਧੀ ਹੈ। ਸੰਘਰਸ਼ ਕਰਨਾ ਸਾਡਾ ਹੱਕ ਹੈ ਜਿਸ ਨੂੰ ਕਿ ਪੰਜਾਬ ਸਰਕਾਰ ਸਾਡੇ ਤੋਂ ਖੋਹਣਾ ਚਾਹੁੰਦੀ ਹੈ। ਇਸ ਰੈਲੀ ਨੂੰ ਯੂਨੀਅਨ ਦੇ ਆਗੂਆਂ ਨੇ ਦੱਸਿਆ ਕਿ ਜਦੋਂ ਤੱਕ ਕਿਸਾਨ ਆਗੂ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਤੇ ਕੀਤਾ ਪਰਚਾ ਰੱਦ ਨਹੀਂ ਹੁੰਦਾ ਉਦੋਂ ਤੱਕ ਸਾਡਾ ਸੰਘਰਸ਼ ਜਾਰੀ ਰਹੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਤਿੱਖਾ ਸਘੰਰਸ਼ ਕੀਤਾ ਜਾਵੇਗਾ।ਤਰਨਤਾਰਨ ਵਿਖੇ ਇੰਪਲਾਈਜ ਫੈਡਰੇਸ਼ਨ ਪਹਿਲਵਾਨ ਦੇ ਸੂਬਾ ਪ੍ਰਧਾਨ ਗੁਰਭੇਜ ਸਿੰਘ ਢਿੱਲੋਂ ਸਮੇਤ ਰੋਸ ਪ੍ਰਦਰਸ਼ਨ ਕਰਦੇ ਹੋਏ।

## ਪਿੰਡਾਂ ਦੇ ਸਰਵਪੱਖੀ ਵਿਕਾਸ 'ਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਮੈਂਬਰਾਂ ਦੀ ਅਹਿਮ ਭੂਮਿਕਾ - ਲਾਲਜੀਤ ਸਿੰਘ ਭੁੱਲਰ



**ਨਵੇਂ ਚੁਣੇ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਮੈਂਬਰਾਂ ਦੇ ਜ਼ਿਲ੍ਹਾ ਪੱਧਰੀ ਸਹੁੰ ਚੁੱਕ ਸਮਾਗਮ ਦੌਰਾਨ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਹੋਰ।**

ਗੁਰਪ੍ਰੀਤ ਸਿੰਘ ਕੱਦ ਗਿੱਲ ,ਤਰਨ ਤਾਰਨ, 27 ਫਰਵਰੀ ., ਦਸੰਬਰ 2025 ਵਿਚ ਹੋਈਆਂ ਜ਼ਿਲ੍ਹਾ ਪ੍ਰੀਸਦ ਅਤੇ ਪੰਚਾਇਤ ਸੰਮਤੀ ਚੋਣਾਂ ਦੇ ਜੇਤੂ ਉਮੀਦਵਾਰਾਂ ਨੂੰ ਸਹੁੰ ਚਕਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਦੀ ਅਗਵਾਈ ਹੇਠ ਸਥਾਨਕ ਇੰਨਡੋਰ ਸਟੇਡੀਅਮ ਹਾਲ ਵਿਚ ਜ਼ਿਲ੍ਹਾ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਨਵੇਂ ਚੁਣੇ ਗਏ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਮੈਂਬਰਾਂ ਨੂੰ ਸਹੁੰ ਚੁਕਾਈ ਗਈ। ਇਸ ਮੌਕੇ ਕੈਬਨਿਟ ਮੰਤਰੀ ਨੇ ਜਿਥੇ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸਦ ਮੈਂਬਰਾਂ ਨੂੰ ਮੁਬਾਰਕਬਾਦ ਦਿੱਤੀ ਉੱਥੇ ਹੀ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਨੂੰ ਹਰੇਕ ਲੋੜਵੰਦ ਤੱਕ ਪਹੁੰਚਾਉਣ ਲਈ ਸਮਰਪਿਤ ਭਾਵਨਾ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿਕਾਸ ਵਿਚ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸਦ ਮੈਂਬਰਾਂ ਦੀ ਅਹਿਮ ਭੂਮਿਕਾ ਹੈ। ਉਨ੍ਹਾਂ ਸਮੂਹ ਮੈਂਬਰਾਂ ਨੂੰ ਮਿਹਨਤ ਤੇ ਲਗਨ ਨਾਲ ਇਲਾਕੇ ਅਤੇ ਪਿੰਡਾਂ ਦੀ ਨੁਹਾਰ ਬਦਲਣ ਦਾ ਸੱਦਾ ਦਿੱਤਾ।ਉਨ੍ਹਾਂ ਸਮੂਹ ਮੈਂਬਰਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਸ਼ਕਤੀਆਂ ਤੋਂ ਜਾਣੂ ਕਰਵਾਇਆ ਅਤੇ ਹਰੇਕ ਮੈਂਬਰ ਨੂੰ ਬਣਦਾ ਮਾਣ-ਸਤਿਕਾਰ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੇ ਹਰੇਕ ਮੈਂਬਰ ਦੀ ਇਹ ਨਿੱਜੀ ਜਿੰਮੇਵਾਰੀ ਬਣਦੀ ਹੈ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡਾਂ ਦੇ ਵਿਕਾਸ ਕੰਮਾਂ ਨੂੰ ਵੱਧ-ਚੜ੍ਹ ਕੇ ਕਰਾਉਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ, ਸਿਹਤ, ਰੋਜ਼ਗਾਰ, ਵਿਕਾਸ ਕਾਰਜਾਂ ਅਤੇ ਸੂਬੇ ਦੇ ਲੋਕ ਦੀ ਭਲਾਈ ਲਈ ਹਰੇਕ ਪੱਖ ਤੋਂ ਮਜਬੂਤੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਨੀਤੀਆ ਤੋਂ ਰਾਜ ਦੇ ਲੋਕ ਪੂਰੀ ਤਰ੍ਹਾਂ ਸੰਤੁਸ਼ਟ ਹਨ।ਇਸ ਤੋਂ ਪਹਿਲਾਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੁਰਿੰਦਰ ਸਿੰਘ ਨੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਜ਼ਿਲ੍ਹਾ ਪ੍ਰੀਸਦ ਅਤੇ ਪੰਚਾਇਤ ਸੰਮਤੀ ਮੈਂਬਰਾਂ ਅਤੇ ਹਾਜ਼ਰ ਹੋਰਨਾਂ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਪੇਡੂ ਵਿਕਾਸ ਤੇ ਪੰਚਾਇਤ ਵਿਭਾਗ ਦੀਆਂ ਸਕੀਮਾਂ ਅਤੇ ਚੱਲ ਰਹੇ ਵਿਕਾਸ ਕੰਮਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਵਿਧਾਇਕ ਹਰਮੀਤ ਸਿੰਘ ਸੰਧੂ ਦੇ ਭਰਾਤਾ ਰਾਜਬੀਰ ਸਿੰਘ ਸੰਧੂ, ਚੇਅਰਮੈਨ ਇੰਪਰੂਵਮੈਂਟ ਟਰੱਸਟ ਰਜਿੰਦਰ ਸਿੰਘ ਉਸਮਾ, ਚੇਅਰਮੈਨ ਮਾਰਕੀਟ ਕਮੇਟੀ ਹਰੀਕੇ ਦਿਲਬਾਗ ਸਿੰਘ, ਐਸ.ਡੀ.ਐਮ ਤਰਨ ਤਾਰਨ ਡਾ. ਕਰਨਵੀਰ ਸਿੰਘ,ਐਸ. ਡੀ.ਐਮ ਭਿੱਖੀਵਿੰਡ ਸਿਮਰਨਜੀਤ ਸਿੰਘ, ਐਸ.ਡੀ.ਐਮ ਖਡੂਰ ਸਾਹਿਬ ਸੰਜੀਵ ਸ਼ਰਮਾ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਪਿਆਰ ਸਿੰਘ, ਸਮੂਹ ਬੀ.ਡੀ.ਪੀ.ਓਜ਼, ਅੰਗਦ ਸੋਹਲ, ਦਿਲਬਾਗ ਸਿੰਘ, ਜਰਨੈਲ ਸਿੰਘ, ਹਰਪਾਲ ਸਿੰਘ ਕੋਟ ਧਰਮ ਚੰਦ, ਟਹਿਲਵੀਰ ਸਿੰਘ,ਯੋਧਵੀਰ ਸਿੰਘ, ਜਸਕਰਨ ਸਿੰਘ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

## ਜਮਹੂਰੀ ਅਧਿਕਾਰ ਸਭਾ ਨੇ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਨ ਦੀ ਕੀਤੀ ਨਿੰਦਾ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ 27 ਫਰਵਰੀ

ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਤਰਨ ਤਾਰਨ ਇਕਾਈ ਨੇ ਪੰਜਾਬ ਸਰਕਾਰ ਵੱਲੋਂ ਸ਼ੇਰੋ ਖੰਡ ਮਿੱਲ ਵੇਚਣ ਦੇ ਵਿਰੋਧ ਵਿਚ ਸ਼ਾਂਤਮਈ ਧਰਨਾ ਦੇ ਰਹੇ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਕੇ ਕੇਸ ਦਰਜ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਇਸ ਨੂੰ ਜਮਹੂਰੀ ਅਧਿਕਾਰਾਂ ਉੱਤੇ ਹਮਲਾ ਕਿਹਾ ਹੈ।

ਇਕ ਬਿਆਨ ਜਾਰੀ ਕਰਦਿਆਂ ਜਿਲ੍ਹਾ ਪ੍ਰਧਾਨ ਨਰਭਿੰਦਰ ,ਸੱਕਤਰ ਕਸ਼ਮੀਰ ਸਿੰਘ, ਪ੍ਰੈਸ ਸਕੱਤਰ ਤਰਸੇਮ ਸਿੰਘ ਲਾਲੂਘੁੰਮਣ,ਕੁਲਵੰਤ ਸਿੰਘ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਬੰਦ ਸ਼ੇਰੋਂ ਖੰਡ ਮਿੱਲ ਨੂੰ ਚਾਲੂ ਕਰਨ ਦੀ ਮੰਗ ਕਿਸਾਨਾਂ ਵਲੋਂ ਉਠਾਈ ਜਾਂਦੀ ਰਹੀ ਸੀ।ਆਪ ਵਿਧਾਇਕ ਵਿਸ਼ਵਾਸ ਵੀ ਦੁਆਉਂਦੇ ਆ ਰਹੇ ਸਨ ਪਰ ਪਿਛਲੇ ਸਾਲ ਦੇ ਆਖੀਰ ਵਿੱਚ ਪੰਜਾਬ ਸਰਕਾਰ ਵੱਲੋਂ ਜਾਇਦਾਦਾ ਵੇਚਣ ਸਬੰਧੀ ਲਏ ਫੈਸਲਿਆਂ 'ਚ ਇਸ ਮਿਲ ਦੀ ਜਾਇਦਾਦ ਨੂੰ ਵੇਚਣ ਦਾ ਐਲਾਨ ਕਰ ਦਿੱਤਾ ਤਾਂ ਜ਼ਿਲ੍ਹੇ ਦੀਆਂ ਕਿਸਾਨ ਜਥੇਬੰਦੀਆਂ ਨੇ ਇਸ ਦੇ ਵਿਰੋਧ ਵਿਚ ਡੀ ਸੀ ਦਫਤਰ ਤਰਨ ਤਾਰਨ ਸਾਹਮਣੇ ਅਣਮਿੱਥੇ ਸਮੇਂ ਲਈ ਧਰਨਾ ਲਾਇਆ ਹੋਇਆ ਸੀ। ਜਿਲ੍ਹਾ ਅਧਿਕਾਰੀਆਂ ਅਤੇ ਸਰਕਾਰ ਵਲੋ ਉਨ੍ਹਾਂ ਦੀ ਆਵਾਜ਼ ਸੁਨਣ ਦੀ ਥਾਂ ਪੁਲਿਸ ਦੇ ਜੋਰ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਕੇ ਕੇਸ ਦਰਜ ਕਰ ਦਿੱਤੇ ਹਨ ।ਆਗੂਆਂ ਨੇ ਕਿਹਾ ਕਿ ਇਕ ਇਕ ਤਾਨਾਸ਼ਾਹ ਅਤੇ ਨਿੰਦਣਯੋਗ ਕਦਮ ਹੈ। ਸ਼ਾਂਤਮਈ ਧਰਨਾ ਲਾ ਕੇ ਆਪਣਾ ਰੋਸ ਪਰਗਟ ਕਰਨਾ ਨਾਗਰਿਕਾਂ ਦਾ ਬੁਨਿਆਦੀ ਅਧਿਕਾਰ ਹੈ ਅਤੇ ਮੌਜੂਦਾ ਹਕੂਮਤ ਲੋਕਾਂ ਦੇ ਅਧਿਕਾਰ ਨੂੰ ਪੁਲਿਸ ਤਾਕਤ ਨਾਲ ਕੁੱਚਲ ਰਹੀ ਹੈ, ਇਹ ਅਤਿ ਨਿੰਦਣਯੋਗ ਕਾਰਵਾਈ ਹੈ।ਸਭਾ ਦੇ ਆਗੂਆਂ ਨੇ ਜਮਹੂਰੀ ਲੋਕਾਂ ਨੂੰ ਸੱਦਾ ਦਿੱਤਾ ਕਿ ਇਸ ਵਿਰੁੱਧ ਜੋਰਦਾਰ ਆਵਾਜ਼ ਉਠਾਉਣ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com